# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

## ਐਪੀਸੋਡ ੨੧: ਵਹਿਦਤ-ਅਲ-ਵਜੂਦ (ਹਸਤੀ ਦਾ ਏਕਾ)

ਵਹਿਦਤ-ਅਲ-ਵਜੂਦ, ਹਸਤੀ ਦਾ ਏਕਾ, ਦ੍ਰਿੜ ਇਤਫ਼ਾਕ ਪਸੰਦ ਦਾ ਮੁਕੰਮਲ ਏਕੇ ਵਿੱਚ ਯਕੀਨ। ਸੱਭਿਅਤਾਵਾਂ ਦੇ ਪਘੂੰੜੇ ਵਿੱਚ ਗੁਰੂ ਨਾਨਕ ਦੇ ਫ਼ਰਮਾਇਆ ਕਿ ਹਾਜ਼ਰਾ-ਹਜ਼ੂਰ ਦੀ ਜਾਗਰੂਕਤਾ ਉਹ ਨਖਲਿਸਤਾਨ ਹੈ ਜੋ ਰੂਹ ਦੀ ਪਿਆਸ ਮਿਟਾ ਦਿੰਦਾ ਹੈ।

ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ॥
ਕਹੇ ਨ ਜਾਨੀ ਅਉਗਣ ਮੇਰੇ॥
(ਰਾਗ ਗਉੜੀ ਚੇਤੀ, ਗੁਰੂ ਨਾਨਕ)

ਮੇਰੇ ਸਿਰਜਣਹਾਰ ਸਾਹਿਬਾ, ਤੇਰੇ ਗੁਣਾਂ ਦੀ ਕੌਣ ਥਾਹ ਪਾ ਸਕਦਾ ਹੈ?
ਮੇਰੇ ਅਵਗੁਣਾਂ ਦੀ ਗਿਣਤੀ ਨਹੀਂ ਹੋ ਸਕਦੀ।
(ਰਾਗ ਗਉੜੀ ਚੇਤੀ, ਗੁਰੂ ਨਾਨਕ)

ਗੁਰੂ ਨਾਨਕ ਦੀ ਗਹਿਰੀ ਨਿਮਰਤਾ ਦਾ ਅਹਿਸਾਸ ਉਨ੍ਹਾਂ ਦੇ ਸ਼ਬਦਾਂ ਵਿੱਚ ਜ਼ਾਹਿਰ ਹੁੰਦਾ ਹੈ। ਉਨ੍ਹਾਂ ਨੇ ਆਪਣੇ-ਆਪ ਨੂੰ ਨੀਵਾਂ ਰੱਖਿਆ ਹੈ ਅਤੇ ਸਿਰਜਣਹਾਰ ਦੀ ਸਿਰਜਣਾ ਅਤੇ ਗੁਣਾਂ ਦੀ ਵਡਿਆਈ ਕੀਤੀ ਹੈ। ਇਸ ਦੇ ਉਲਟ ਜਦੋਂ ਮੈਂ ਆਪਣੇ ਅੰਦਰ ਝਾਤੀ ਮਾਰਦਾ ਹਾਂ ਤਾਂ ਮੇਰੇ ਅੰਦਰ ਆਪਣੀ ਸ਼ਖ਼ਸੀਅਤ ਨੂੰ ਜ਼ਿਆਦਾ ਉਚਿਆਉਣ ਅਤੇ ਦੂਜਿਆਂ ਦੇ ਅਵਗੁਣਾਂ ਉੱਤੇ ਉਂਗਲੀ ਧਰਨ ਦਾ ਰੁਝਾਨ ਜ਼ਿਆਦਾ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਸੋਮੀਆਨੀ ਤੋਂ ਅਲ-ਅਸਵਾਤ, ਮੱਕਾ, ਮਦੀਨਾ, ਨਜਫ਼, ਕਰਬਲਾ, ਬਗ਼ਦਾਦ, ਤਬਰੀਜ਼, ਤਹਿਰਾਨ ਰਾਹੀਂ ਮਸ਼ਹਦ ਪਹੁੰਚੇ। ਉਹ ਸੋਮੀਆਨੀ ਤੋਂ ਕਿਸ਼ਤੀ ਰਾਹੀਂ ਅਲ-ਅਸਵਾਤ ਪਹੁੰਚੇ ਅਤੇ ਅੱਗੇ ਮੱਕਾ ਨੂੰ ਚੱਲ ਪਏ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਪਾਕਿਸਤਾਨ ਤੋਂ ਸਾਉਦੀ ਅਰਬ ਜਾ ਰਹੇ ਹਾਂ।

**ਅਮਰਦੀਪ ਸਿੰਘ:** ਸਾਉਦੀ ਅਰਬ ਵਿੱਚ ਇਸਲਾਮ ਨਾਲ ਜੁੜੇ ਸਭ ਤੋਂ ਮੁਕੱਦਸ ਅਸਥਾਨ, ਮੱਕਾ ਅਤੇ ਮਦੀਨਾ ਹਨ। ਹਜ਼ਰਤ ਮੁਹੰਮਦ ਦੇ ਜਨਮ ਦੇ ਨਾਲ ਸੱਤਵੀਂ ਸਦੀ ਵਿੱਚ ਇਸਲਾਮ ਇਸੇ ਧਰਤੀ ਉੱਤੇ ਵਧਿਆ-ਫੁੱਲਿਆ।

ਸਾਉਦੀ ਅਰਬ ਦੀ ਮੌਜੂਦਾ ਸਲਤਨਤ ਦੀ ਬੁਨਿਆਦ ਉੱਨੀ ਸੌ ਬੱਤੀ ਇਸਵੀ ਦੀ ਹੈ ਅਤੇ ਇਸ ਵਿੱਚ ਦੋ ਇਤਿਹਾਸਕ ਮਾਰੂਥਲ ਹੀਜਾਜ਼ ਅਤੇ ਨੇਜਦ ਹਨ। ਅਰਬ ਜਜ਼ੀਰੇ ਵਿੱਚ ਸਾਉਦੀ ਅਰਬ ਸਭ ਤੋਂ ਵੱਡਾ ਮੁਲਕ ਹੈ।

**ਅਮਰਦੀਪ ਸਿੰਘ:** ਉੱਚੀਆਂ ਲਹਿਰਾਂ ਵਿੱਚੋਂ ਕਈ ਦਿਨਾਂ ਦੇ ਸਮੁੰਦਰੀ ਸਫ਼ਰ ਤੋਂ ਬਾਅਦ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਸਾਉਦੀ ਅਰਬ ਦੀ ਅਲ-ਅਸਵਾਤ ਬੰਦਰਗਾਹ ਉੱਤੇ ਉਤਾਰਾ ਕੀਤਾ। ਇਸ ਤੋਂ ਅੱਗੇ ਉਨ੍ਹਾਂ ਨੇ ਜ਼ਮੀਨੀ ਰਾਹ ਲਿਆ, ਰੇਤੇ ਦੇ ਸਖ਼ਤ ਅਤੇ ਸੇਕ ਮਾਰਦੇ ਟਿੱਬਿਆਂ ਵਿੱਚੋਂ ਹੁੰਦੇ ਹੋਏ ਉਹ ਮੱਕਾ ਪਹੁੰਚੇ।

ਮੰਨਿਆ ਜਾਂਦਾ ਹੈ ਕਿ 'ਮੱਕਾ' ਲਫ਼ਜ਼ 'ਮਾਕਾਹ' ਦਾ ਹਮ-ਮਾਅਨੀ ਹੈ ਅਤੇ ਇਸ ਦਾ ਮਾਅਨਾ 'ਸਭ ਬਸਤੀਆਂ ਦੀ ਮਾਂ' ਹੈ। ਮਾਰੂਥਲ ਵਾਦੀ ਵਿੱਚ ਇਹ ਸ਼ਹਿਰ ਸੱਤਵੀਂ ਸਦੀ ਵਿੱਚ ਮੁਸਲਮਾਨਾਂ ਦਾ ਤੀਰਥ ਅਸਥਾਨ ਬਣਨ ਤੋਂ ਪਹਿਲਾਂ ਤਿਜਾਰਤ ਦਾ ਮਰਕਜ਼ ਸੀ। ਪਹਿਲੀ ਸਦੀ ਦੇ ਯੂਨਾਨੀ ਲੇਖਕ ਪਟੋਲੇਮੀ ਨੇ ਇਸ ਸ਼ਹਿਰ ਦਾ ਜ਼ਿਕਰ ਮਕੋਰਾਬਾ ਦੇ ਨਾਮ ਨਾਲ ਕੀਤਾ ਹੈ।

ਮੱਕਾ ਦੀ ਸਭ ਤੋਂ ਮੁਕੱਦਸ ਮਸਜਿਦ ਦੇ ਮਰਕਜ਼ ਵਿੱਚ ਇਹ ਘਣ ਵਰਗੀ ਇਮਾਰਤ 'ਕਾਬਾ' ਹੈ ਜਿਸ ਨੂੰ ਮੁਸਲਮਾਨ 'ਬੈਤੁੱਲਾ' ਮੰਨਦੇ ਹਨ, ਜਿਸ ਦਾ ਮਾਅਨਾ ਹੈ, ਅੱਲਾ ਦਾ ਘਰ। ਪੁਰਾਤਨ ਸਮਿਆਂ ਵਿੱਚ ਇਸਲਾਮ ਤੋਂ ਪਹਿਲਾਂ ਅਰਬ ਜਾਜ਼ੀਰਾ ਦੇ ਬਹੁਤ ਸਾਰੇ ਕਬੀਲੇ 'ਕਾਬਾ' ਵਿੱਚ ਸਥਾਪਿਤ ਬੁੱਤਾਂ ਦੀ ਇਬਾਦਤ ਲਈ ਜੁੜਦੇ ਸਨ। ਇਸਲਾਮ ਦੇ ਬਾਨੀ ਹਜ਼ਰਤ ਮੁੰਹਮਦ ਦਾ ਜੀਵਨ ਕਾਲ ਪੰਜ ਸੌ ਸੱਤਰ ਇਸਵੀ ਤੋਂ ਛੇ ਸੌ ਬੱਤੀ ਇਸਵੀ ਸੀ, ਉਨ੍ਹਾਂ ਨੇ ਕਾਬਾ ਵਿੱਚੋਂ ਸਾਰੇ ਬੁੱਤ ਹਟਾ ਦਿੱਤੇ ਸਨ। 'ਹਜਰ-ਉੱਲ-ਅਸਵਾਦ', 'ਸਿਆਹ ਪੱਥਰ' ਪੁਰਾਣਾ ਪੱਥਰ ਹੈ ਜਿਸ ਦੀ ਮਾਨਤਾ ਇਸਲਾਮ ਤੋਂ ਪਹਿਲਾਂ ਦੇ ਸਮਿਆਂ ਤੋਂ ਹੈ। ਹਜ਼ਰਤ ਮੁੰਹਮਦ ਨੇ ਇਸ ਨੂੰ 'ਕਾਬਾ' ਦੀ ਪੂਰਬੀ ਕੰਧ ਨਾਲ ਸਥਾਪਿਤ ਕੀਤਾ ਸੀ ਅਤੇ ਇਸ ਨੂੰ ਮੁਕੱਦਸ ਇਸਲਾਮੀ ਨਿਸ਼ਾਨੀ ਮੰਨਿਆ ਜਾਂਦਾ ਹੈ।

ਮੁਸਲਮਾਨ ਆਪਣੀ ਜ਼ਿੰਦਗੀ ਵਿੱਚ ਇੱਕ ਵਾਰ 'ਹੱਜ' ਕਰਨ ਦੀ ਤਾਂਘ ਰੱਖਦੇ ਹਨ। ਇਸਲਾਮੀ ਦਸਤੂਰ ਮੁਤਾਬਕ ਜ਼ਿਆਰਤੀ 'ਕਾਬਾ' ਦੀ ਪਰਕਰਮਾ ਕਰਦੇ ਹਨ ਅਤੇ 'ਸਿਆਹ ਪੱਥਰ', 'ਹਜਰ-ਉੱਲ-ਅਸਵਾਦ' ਸਾਹਮਣੇ ਸਾਹਮਣੇ ਬੋਸਾ ਕਰਦੇ ਹਨ।

'ਹੱਜ' ਲਫ਼ਜ਼ ਦਾ ਮੂਲ ਸਾਮੀ ਬੋਲੀਆਂ ਵਿੱਚ ਹੈ। ਹੀਬਰਿਊ ਵਿੱਚ ਇਸ ਦੀ ਜੜ੍ਹ 'ਹੱਕਾ' ਲਫ਼ਜ਼ ਨਾਲ ਜੁੜਦੀ ਹੈ ਜਿਸ ਦਾ ਮਾਅਨਾ ਨੇਕੀ ਹੈ। ਅਰਬੀ ਵਿੱਚ ਇਸ ਦਾ ਮਾਅਨਾ ਕਿਸੇ ਮੁਹਿੰਮ ਲਈ ਕੀਤੇ ਉਪਰਾਲੇ ਨਾਲ ਜੁੜਦਾ ਹੈ। ਇਸ ਤਰ੍ਹਾਂ 'ਹੱਜ' ਆਪਣੇ ਅੰਦਰ ਨੂੰ ਕੀਤੀ ਰੂਹਾਨੀ ਯਾਤਰਾ ਦੀ ਨੁਮਾਇੰਦਗੀ ਕਰਦਾ ਹੈ।

ਮੱਕਾ ਵਿੱਚ ਆਪਣੇ ਕਿਆਮ ਦੌਰਾਨ ਇੱਕ ਦਿਨ ਗੁਰੂ ਨਾਨਕ ਅਤੇ ਭਾਈ ਮਰਦਾਨਾ ਸੁੱਤੇ ਪਏ ਸਨ। ਉਨ੍ਹਾਂ ਨੂੰ ਜੀਵਨ ਨਾਮ ਦੇ ਹਾਜੀ ਨੇ ਘੂਰ ਕੇ ਜਗਾਇਆ ਕਿ ਉਹ 'ਕਾਬਾ' ਵਾਲੇ ਪਾਸੇ ਨੂੰ ਪੈਰ ਕਰ ਕੇ ਸੁੱਤੇ ਸਨ। ਅਰਬੀ ਵਿੱਚ 'ਕਿਬਲਾ' ਲਫ਼ਜ਼ ਦਾ ਮਾਅਨਾ 'ਕਾਬਾ' ਦੀ ਪੱਕੀ ਦਿਸ਼ਾ ਹੈ। ਮੁਸਲਮਾਨ 'ਕਿਬਲਾ' ਵਾਲੇ ਪਾਸੇ ਨੂੰ ਪੈਰ ਕਰਨ ਨੂੰ ਨਿਰਾਦਰ ਮੰਨਦੇ ਹਨ।

ਗੁਰੂ ਨਾਨਕ ਦੀ ਦਲੀਲਮੰਦ ਸਮਝ ਨੇ ਜੀਵਨ ਨੂੰ 'ਅਲ-ਵਾਸੀ' ਦੇ ਇਸਲਾਮੀ ਫ਼ਲਸਫ਼ੇ ਦਾ ਚੇਤਾ ਕਰਵਾਇਆ ਜਿਸ ਦਾ ਮਾਅਨਾ ਸੀ ਕਿ ਇਲਾਹੀ ਹਰ ਪਾਸੇ ਜ਼ਾਹਿਰ ਹੈ।

ਗੁਰੂ ਨਾਨਕ ਦੀਆਂ 'ਜਨਮਸਾਖੀਆਂ' ਲਿਖਣ ਵਾਲਿਆਂ ਅਤੇ ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿੱਚ ਜ਼ਿਕਰ ਕੀਤਾ ਹੈ ਕਿ ਗੁੱਸੇ ਵਿੱਚ ਜੀਵਨ ਨੇ ਗੁਰੂ ਨਾਨਕ ਦੀਆਂ ਲੱਤਾਂ ਘੁਮਾ ਦਿੱਤੀਆਂ ਤਾਂ 'ਕਾਬਾ' ਉਸੇ ਪਾਸੇ ਘੁੰਮ ਗਿਆ। ਦਿਲਚਸਪ ਗੱਲ ਇਹ ਹੈ ਕਿ 'ਕਾਬੇ' ਦੇ ਇਸ ਤਰ੍ਹਾਂ ਘੁੰਮਣ ਬਾਰੇ ਇੱਕ ਬਿਰਤਾਂਤ ਹਜ਼ਰਤ ਰਾਬੀਆ ਅਲ-ਬਸਰੀ ਨਾਲ ਵੀ ਜੁੜਿਆ ਹੋਇਆ ਜੋ ਮੁਸਲਮਾਨ ਸੂਫ਼ੀ ਸੰਤ ਸੀ। ਮੇਰੀ ਨਿਮਾਣੀ ਰਾਇ ਮੁਤਾਬਕ 'ਕਾਬਾ' ਦਾ ਇਸ ਤਰ੍ਹਾਂ ਘੁੰਮਣਾ ਹਾਜ਼ਰਾ-ਹਜ਼ੂਰ ਦੀ ਹਾਜ਼ਰਾ-ਹਜ਼ੂਰੀ ਦੀ/ਵਿਆਪਕਤਾ ਦੀ ਤਸ਼ਬੀਹ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਦਾ ਮੱਕਾ ਵਿੱਚ ਮੁਲਤਾਨ ਦੇ ਮਖ਼ਦੂਮ ਬਾਹਾਵਾਦੀ ਅਤੇ ਉੱਚ ਦੇ ਮਖ਼ਦੂਮ ਹਾਜੀ ਸ਼ੇਖ਼ ਅਬਦੁਲ ਬੁਖ਼ਾਰੀ ਨਾਲ ਦੁਬਾਰਾ ਮੇਲ਼ ਹੋ ਗਿਆ। ਮੱਕਾ ਨੂੰ ਆਉਂਦੇ ਹੋਏ ਉਹ ਸਿੰਧ ਦੇ ਸ਼ਹਿਰ ਸ਼ਿਕਾਰਪੁਰ ਤੋਂ ਜ਼ਮੀਨੀ ਰਾਹ ਉੱਤੋਂ ਆਉਣ ਕਾਰਨ ਗੁਰੂ ਨਾਨਕ ਤੋਂ ਵੱਖ ਹੋ ਗਏ ਸਨ। ਉਨ੍ਹਾਂ ਨੇ ਮੁਲਤਾਨ ਅਤੇ ਉੱਚ ਦੇ ਮਖ਼ਦੂਮਾਂ ਨਾਲ ਹੀ ਕਿਆਮ ਕੀਤਾ ਤਾਂ ਕੁਝ ਹਾਜੀਆਂ ਨੇ ਗੁਰੂ ਨਾਨਕ ਤੋਂ ਉਨ੍ਹਾਂ ਦੇ ਮਜ਼ਹਬ ਬਾਰੇ ਪੁੱਛਿਆ। ਜੁਆਬ ਵਿੱਚ ਗੁਰੂ ਨਾਨਕ ਨੇ ਗਾਇਆ,

ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ॥
ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ॥
ਘਿਅ ਪਟ ਭਾਂਡਾ ਕਹੈ ਨ ਕੋਇ॥
ਐਸਾ ਭਗਤੁ ਵਰਨ ਮਹਿ ਹੋਇ॥
ਤੇਰੈ ਨਾਮਿ ਨਿਵੇ ਰਹੇ ਲਿਵ ਲਾਇ॥
ਨਾਨਕ ਤਿਨ ਦਰਿ ਭੀਖਿਆ ਪਾਇ॥
(ਰਾਗ ਤਿਲੰਗ, ਗੁਰੂ ਨਾਨਕ)

ਕੇਸਰੀ, ਕੁਸਮ ਕਸਤੂਰੀ ਤੇਲ ਸਾਰੇ ਸਰੀਰ ਨੂੰ ਸ਼ਿੰਗਾਰ ਦਿੰਦਾ ਹੈ।
ਭਗਤ ਦੇ ਗੁਣ ਚੰਦਨ ਦੇ ਰੁੱਖ ਵਰਗੇ ਹਨ
ਜੋ ਆਪਣੀ ਮਹਿਕ ਸਭ ਨੂੰ ਵੰਡਦਾ ਹੈ।
ਜਿਵੇਂ ਘਿਓ ਜਾਂ ਰੇਸ਼ਮ ਨਾਲ ਕੁਝ ਭਿਟਿਆ ਨਹੀ ਜਾਂਦਾ ਹੈ ਇਸੇ ਤਰ੍ਹਾਂ ਭਗਤ ਲਈ ਮਜ਼ਹਬ ਅਤੇ ਸਮਾਜਿਕ ਰੁਤਬਾ ਬੇਮਾਅਨਾ ਹੈ।
ਉਹ ਸੋਚ-ਵਿਚਾਰ ਨਾਲ ਲਿਵ ਲਗਾਉਂਦੇ ਹਨ ਅਤੇ ਪਿਆਰ ਵਿੱਚ ਰਮੇ ਰਹਿੰਦੇ ਹਨ।
ਨਾਨਕ ਨੇ ਫ਼ਰਮਾਇਆ ਕਿ ਉਹ ਉਨ੍ਹਾਂ ਦੇ ਦਰਵਾਜ਼ੇ ਉੱਤੇ ਭਿਖਿਆ ਮੰਗਦੇ ਹਨ ।
(ਰਾਗ ਤਿਲੰਗ, ਗੁਰੂ ਨਾਨਕ)

ਗੁਰੂ ਨਾਨਕ ਨੇ ਮਜ਼ਹਬੀ ਸ਼ਰੀਕਾਚਾਰੀ ਦੀ ਥਾਂ ਮਨੁੱਖਤਾ ਨਾਲ ਪਿਆਰ ਵਾਲੇ ਫ਼ਲਸਫ਼ੇ ਦੀ ਤਸਦੀਕ ਕੀਤੀ।

ਮੱਕਾ ਵਿੱਚ ਸ਼ਰੀਆ ਦੇ ਕਾਜ਼ੀ ਰੁਕਨ-ਉਦ-ਦੀਨ ਨੇ ਬਿਆਨ ਕੀਤਾ ਕਿ ਇਸਲਾਮ ਦਾ ਰਾਹ ਸਭ ਤੋਂ ਬਿਹਤਰ ਹੈ ਅਤੇ ਉਨ੍ਹਾਂ ਨੇ ਗੁਰੂ ਨਾਨਕ ਨੂੰ ਮੁਸਲਮਾਨਾਂ ਦੇ ਮਜਲਿਸੀ ਆਦਾਬ ਵਿੱਚ ਆਉਣ ਦਾ ਸੱਦਾ ਦਿੱਤਾ। ਜੁਆਬ ਵਿੱਚ ਗੁਰੂ ਨਾਨਕ ਨੇ ਗਾਇਆ,

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥
(ਰਾਗ ਮਾਝ, ਗੁਰੂ ਨਾਨਕ)

ਮਿਹਰ ਨੂੰ ਮਸਜਿਦ ਬਣਾਓ, ਸਿਦਕ ਨੂੰ ਮੁਸਲਾ ਬਣਾਓ, ਹੱਕ-ਹਲਾਲ ਦੀ ਕਮਾਈ ਨੂੰ ਆਪਣੀ ਕੁਰਾਨ ਬਣਾਓ।
ਸ਼ਰਾਫਤ ਦੀ ਸੁੰਨਤ ਕਰੋ ਅਤੇ ਨੇਕੀ ਦਾ ਰੋਜ਼ਾ ਰੱਖੋ। ਸੱਚੇ ਮੁਸਲਮਾਨ ਹੋਣ ਦੀਆਂ ਇਹੋ ਨਿਸ਼ਾਨੀਆਂ ਹਨ।
ਆਪਣੀ ਕਰਣੀ ਨੂੰ ਕਾਬਾ, ਸੱਚ ਨੂੰ ਪੀਰ ਬਣਾਓ। ਚੰਗੇ ਕਰਮ ਨੂੰ ਆਪਣਾ ਕਲਮਾ ਅਤੇ ਨਮਾਜ਼ ਬਣਾਓ।
ਇਲਾਹੀ ਦੇ ਮਨ ਭਾਉਂਦੀ ਮਾਲਾ ਫੇਰੋ। ਨਾਨਕ ਨੇ ਆਖਿਆ ਕਿ ਇਸ ਤਰ੍ਹਾਂ ਹੀ ਲਾਜ ਰੱਖੀ ਜਾਂਦੀ ਹੈ।
(ਰਾਗ ਮਾਝ, ਗੁਰੂ ਨਾਨਕ)

ਗੁਰੂ ਨਾਨਕ ਨੇ ਰਹੂ-ਰੀਤਾਂ ਨਿਭਾਉਣ ਦੇ ਮੁਕਾਬਲੇ ਵਿੱਚ ਨੇਕ ਜ਼ਿੰਦਗੀ ਦੀ ਅਹਿਮੀਅਤ ਦਾ ਇਜ਼ਹਾਰ ਕੀਤਾ। ਉਨ੍ਹਾਂ ਨੇ ਤਸ਼ਬੀਹੀ ਅੰਦਾਜ਼ ਵਿੱਚ ਕਾਜ਼ੀ ਨੂੰ ਦੱਸਿਆ ਕਿ ਉਹ ਰਹਿਮ ਦੀ ਮਸਜਿਦ ਵਿੱਚ ਇਹਤਰਾਮ ਕਰੇ, ਯਕੀਨ ਦਾ ਮੁਸਲਾ ਵਿਛਾਏ, ਕੁਰਾਨ ਦੀ ਆਇਤਾਂ ਵਾਂਗ ਨੇਕ ਕਮਾਈ ਗ੍ਰਹਿਣ ਕਰੇ, ਹਲੀਮੀ ਦੀ ਸੁੰਨਤ ਕਰੇ, ਨੇਕ ਇਰਾਦਿਆਂ ਦਾ ਵਰਤ ਰੱਖੇ ਅਤੇ ਆਪਣੇ ਨੇਕ ਕਰਮਾਂ ਨੂੰ 'ਕਾਬਾ' ਸਮਝੇ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਵੰਨ-ਸਵੰਨੀਆਂ ਸੋਚਾਂ ਨਾਲ ਸਾਡਾ ਵਾਹ ਪਿਆ। ਮੈਂ ਅਕਸਰ ਸੋਚਦਾ ਹਾਂ ਕਿ ਜਿਹੜੇ ਤਸਵੱਰ ਕਿਸੇ ਸਮੇਂ ਅਹਿਮ ਮੰਨੇ ਜਾਂਦੇ ਸਨ, ਉਹਨਾਂ ਦੀ ਉਸਤੋਂ ਪਹਿਲਾਂ ਅਹਿਮੀਤ ਨਹੀਂ ਸੀ, ਅਤੇ ਭਵਿੱਖ ਵਿੱਚ ਵੀ ਇਹਨਾ ਦੀ ਤਬਦੀਲੀ ਹੁੰਦੀ ਰਵੇਗੀ। ਗੁਰੂ ਨਾਨਕ ਨੇ ਆਖਿਆ ਕਿ ਇਸ ਕਾਇਨਾਤੀ ਅਖਾੜੇ ਵਿੱਚ ਹਰ ਸ਼ੈਅ ਵਿਗਾਸ ਨਾਲ ਬੱਝੀ ਹੋਈ ਹੈ।

ਨਾ ਕੋ ਮੁਲਾ ਨਾ ਕੋ ਕਾਜੀ॥
ਨਾ ਕੋ ਸੇਖੁ ਮਸਾਇਕੁ ਹਾਜੀ॥
ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ॥
ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ॥
(ਰਾਗ ਮਾਰੂ, ਗੁਰੂ ਨਾਨਕ)

ਨਾ ਕੋਈ ਮੁੱਲਾ, ਨਾ ਕੋਈ 'ਕਾਜ਼ੀ'।
ਨਾ ਕੋਈ ਸ਼ੇਖ਼, ਨਾ ਕੋਈ ਰਹਿਬਰ, ਨਾ ਕੋਈ ਹਾਜੀ।
ਨਾ ਕੋਈ ਰਾਜਾ ਸੀ ਅਤੇ ਨਾ ਕੋਈ ਰਈਅਤ ਸੀ, ਨਾ ਦੁਨੀਆਦਾਰੀ ਦੀ ਹਉਮੈ ਸੀ, ਨਾ ਕੋਈ ਆਪਣੇ-ਆਪ ਬਾਰੇ ਕਹਿੰਦਾ-ਕਹਾਉਂਦਾ ਸੀ।

ਨਾਨਕ ਨੇ ਆਖਿਆ ਕਿ ਜਿਨ੍ਹਾਂ ਦੇ ਮਨ ਸੱਚ ਰੱਤਿਆ ਹੈ ਉਹ ਬਿਸਮਾਦ ਵਿੱਚ ਹਨ। ਉਹ ਕਾਇਨਾਤੀ ਊਰਜਾ ਦਾ ਮਹਿਮਾਗਾਨ ਕਰ ਰਹੇ ਹਨ।
(ਰਾਗ ਮਾਰੂ, ਗੁਰੂ ਨਾਨਕ)

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਮਾਰੂਥਲ ਦੇ ਰਾਹ ਮੱਕੇ ਤੋਂ ਮਦੀਨਾ ਦੇ ਉੱਤਰ ਵਾਲੇ ਪਾਸੇ ਨੂੰ ਸਫ਼ਰ ਕੀਤਾ।

ਮਦੀਨਾ ਨੂੰ ਅਲ-ਮਦੀਨਾਹ ਵੀ ਕਹਿੰਦੇ ਹਨ ਜਿਸ ਦਾ ਅਰਬੀ ਵਿੱਚ ਮਾਅਨਾ ਰੌਸ਼ਨ ਸ਼ਹਿਰ ਹੈ। ਮਦੀਨਾ ਨੂੰ ਮੱਕਾ ਤੋਂ ਬਾਅਦ ਇਸਲਾਮ ਵਿੱਚ ਦੂਜਾ ਮੁਕੱਦਸ ਅਸਥਾਨ ਹੋਣ ਦਾ ਰੁਤਬਾ ਹਾਸਿਲ ਹੈ। ਪੱਛਮੀ ਸਾਊਦੀ ਅਰਬ ਵਿੱਚ ਮਦੀਨਾ ਮਾਰੂਥਲੀ ਟਾਪੂ ਹੈ ਜੋ ਹੀਜਾਜ਼ ਪਹਾੜਾਂ ਅਤੇ ਜਵਾਲਾਮੁਖੀ ਟਿੱਲਿਆਂ ਵਿੱਚ ਘਿਰਿਆ ਹੋਇਆ ਹੈ। ਇਸਲਾਮ ਤੋਂ ਪਹਿਲਾਂ ਇਸ ਦਾ ਨਾਮ ਯਾਤ੍ਰੀਬ ਸੀ।

ਇਸ ਸ਼ਹਿਰ ਦੇ ਮਰਕਜ਼ ਵਿੱਚ ਮਸਜਿਦ ਅਲ-ਨਬਵੀ ਹੈ ਜਿੱਥੇ ਇਸਲਾਮ ਦੇ ਬਾਨੀ ਪੈਗੰਬਰ ਮੁਹੰਮਦ ਦਫ਼ਨ ਹਨ। ਮੁਸਲਮਾਨਾਂ ਲਈ ਇਹ ਜ਼ਿਆਰਤ ਦਾ ਅਹਿਮ ਅਸਥਾਨ ਹੈ।

ਮਜ਼ਹਬੀ ਅਲਹਿਦਗੀ ਦਾ ਰੁਝਾਨ ਸਮਾਜਿਕ ਹੈ। ਅਜਿਹੀਆਂ ਮਿਸਾਲਾਂ ਹਨ ਜਿੱਥੇ ਦੂਜੇ ਮਜ਼ਹਬਾਂ ਵਾਲਿਆਂ ਨੂੰ ਇਬਾਦਤ ਵਾਲੇ ਅਸਥਾਨ ਉੱਤੇ ਜਾਣ ਦੀ ਇਜਾਜ਼ਤ ਨਹੀਂ ਹੁੰਦੀ। ਸਦੀਆਂ ਤੋਂ ਮੱਕਾ ਸ਼ਹਿਰ ਅਤੇ ਮਦੀਨਾ ਦੀ ਮਸਜਿਦ ਅਲ-ਨਬਵੀ ਵਿੱਚ ਗ਼ੈਰ-ਮੁਸਲਮਾਨਾਂ ਨੂੰ ਆਉਣ ਦੀ ਇਜਾਜ਼ਤ ਨਹੀਂ ਹੈ। ਗੁਰੂ ਨਾਨਕ ਵਹਿਦਤ ਦਾ ਮੁਜੱਸਮਾ ਸਨ ਅਤੇ ਮਜ਼ਹਬੀ ਹਦੂਦ ਵਾਲੇ ਫ਼ਰਮਾਨ ਤੋਂ ਉੱਤੇ ਸਨ। ਉਹ ਕਿਸੇ ਮਜ਼ਹਬੀ ਫ਼ਿਰਕੇ ਨਾਲ ਜੁੜੇ ਹੋਣ ਦਾ ਦਾਵਾ ਨਹੀਂ ਕਰਦੇ ਸਨ ਅਤੇ ਸੁਚੇਤ ਤੌਰ ਉੱਤੇ ਮੁਕਾਮੀ ਵਾਸੀਆਂ ਨਾਲ ਮਿਲਦਾ ਲਿਵਾਸ ਪਹਿਨਦੇ ਸਨ ਤਾਂ ਜੋ ਉਨ੍ਹਾਂ ਵਿੱਚ ਰਲ ਮਿਲ ਸਕਣ। ਇਸ ਨਾਲ ਸੰਵਾਦ ਸਹਿਜ ਹੁੰਦਾ ਸੀ। ਗੁਰੂ ਨਾਨਕ ਦੇ ਮੱਕਾ ਆਉਣ ਦੀ ਖ਼ਬਰ ਪਹਿਲਾਂ ਹੀ ਫੈਲ ਚੁੱਕੀ ਸੀ। ਮਜ਼ਹਬੀ ਪੱਖੋਂ ਮੁਸਲਮਾਨ ਹੋਣ ਕਾਰਨ ਭਾਈ ਮਰਦਾਨਾ ਨੂੰ ਮਸਜਿਦ ਅਲ-ਨਬਵੀ ਵਿੱਚ ਮੁਸ਼ਕਲ ਆਉਣ ਦਾ ਅੰਜ਼ਾਦਾ ਸੀ। ਮਸਜਿਦ ਅਲ-ਨਬਵੀ ਵਿੱਚ ਹਾਲਾਤ ਦਾ ਅੰਦਾਜ਼ਾ ਲਗਾਉਣ ਲਈ ਉਹ ਪਹਿਲਾਂ ਉੱਥੇ ਗਏ। ਇਸ ਤੋਂ ਬਾਅਦ ਉਹ ਉੱਥੇ ਜੁੜੀ ਸੰਗਤ ਨਾਲ ਗੋਸ਼ਟਿ ਕਰਨ ਲਈ ਗੁਰੂ ਨਾਨਕ ਨੂੰ ਨਾਲ ਲੈ ਗਏ।

ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ॥
(ਰਾਗੁ ਬਸੰਤ ਹਿੰਡੋਲ, ਗੁਰੂ ਨਾਨਕ)

ਇਬਾਦਤ ਦੇ ਅਸਥਾਨ ਉੱਤੇ ਕਰ ਲੱਗੇ ਹਨ ਇਹ ਦੁਨੀਆ ਦੀ ਨਵੀਂ ਰੀਤ ਚੱਲੀ ਹੈ।
(ਰਾਗ ਬਸੰਤ ਹਿੰਡੋਲ, ਗੁਰੂ ਨਾਨਕ)

ਵਹਿਦਤ ਦੇ ਅਲੰਬਰਦਾਰ ਗੁਰੂ ਨਾਨਕ ਨੂੰ ਮਜ਼ਹਬੀ ਅਸਥਾਨ ਉੱਤੇ ਲਗਾਈਆਂ ਜਾਂਦੀਆਂ ਇਹ ਪਾਬੰਦੀਆਂ ਅਤੇ ਸਜ਼ਾਵਾਂ ਮਨੁੱਖਤਾ ਦੇ ਅੰਦਰ ਕੀਤਾ ਜਾ ਰਿਹਾ ਵਿਤਕਰਾ ਜਾਪਦੀਆਂ ਸਨ।

ਇਸ ਸਫ਼ਰ ਦੌਰਾਨ ਸਾਡੀ ਟੋਲੀ ਵਿੱਚ ਵੱਖ-ਵੱਖ ਮਜ਼ਹਬਾਂ ਦੇ ਜੀਅ ਸਨ ਅਤੇ ਸਾਡਾ ਸਾਹਮਣਾ ਇਬਾਦਤ ਦੇ ਵੱਖ-ਵੱਖ ਅਸਥਾਨਾਂ ਉੱਤੇ ਲਗਾਈਆਂ ਗਈਆਂ ਪਾਬੰਦੀਆਂ ਨਾਲ ਹੋਇਆ ਜੋ ਉਨ੍ਹਾਂ ਦੀਆਂ ਆਪਣੀਆਂ-ਆਪਣੀਆਂ ਮਨੌਤਾਂ ਕਾਰਨ ਹਨ। ਹਿੰਦੂ ਅਸਥਾਨ ਉੱਤੇ ਸਾਡੀ ਟੋਲੀ ਦੇ ਮੁਸਲਮਾਨ ਸੰਗੀਆਂ ਨੂੰ ਜਾਣ ਦੀ ਇਜਾਜ਼ਤ ਨਹੀਂ ਮਿਲੀ। ਇਸੇ ਤਰ੍ਹਾਂ ਗ਼ੈਰ-ਮੁਸਲਮਾਨਾਂ ਨੂੰ ਮੱਕਾ ਅਤੇ ਮਦੀਨਾ ਵਿੱਚ ਜਾਣ ਦੀ ਆਗਿਆ ਨਹੀਂ ਮਿਲੀ।ਮੰਦੇਭਾਗੀਂ ਰੌਸ਼ਨ-ਖ਼ਿਆਲ ਰਹਿਬਰਾਂ ਦੇ ਉੱਚੇ ਖ਼ਿਆਲਾਂ ਦੀ ਪ੍ਰੇਰਨਾ ਅਤੇ ਮਨੁੱਖੀ ਏਕੇ ਦੇ ਸੁਨੇਹੇ ਦੇ ਬਾਵਜੂਦ ਸਮਾਜ ਵਿੱਚ ਵੰਡੀਆਂ ਪਈਆਂ ਹਨ। ਇਨਾਂ ਹਾਲਾਤਾਂ ਨੂੰ ਵੇਖਦੇ ਹੋਏ ਮੈਂਨੂੰ ਗੁਰੂ ਨਾਨਕ ਦਾ ਸ਼ਬਦ ਯਾਦ ਆਇਆ ਹੈ।

ਗਲੀ ਅਸੀ ਚੰਗੀਆ ਆਚਾਰੀ ਬੁਰੀਆਹ॥
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥
ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥
(ਸਿਰੀ ਰਾਗ, ਗੁਰੂ ਨਾਨਕ)

ਸਾਡੀਆਂ ਗੱਲਾਂ ਚੰਗੀਆਂ ਹਨ ਪਰ ਆਚਾਰ ਬੁਰਾ ਹੈ।
ਸਾਡਾ ਮਨ ਖੋਟਾ ਅਤੇ ਕਾਲਾ ਹੈ ਪਰ ਬਾਹਰੋਂ ਚਿੱਟਾ ਦਿਖਦਾ ਹੈ।
ਅਸੀਂ ਉਨ੍ਹਾਂ ਦੀਆਂ ਰੀਸਾਂ ਕਰਦੇ ਹਾਂ ਜੋ ਇਲਾਹੀ ਦੇ ਦਰਵਾਜ਼ਿਆਂ ਉੱਤੇ ਖੜ੍ਹੇ ਸੇਵਾ ਕਰ ਰਹੇ ਹਨ।
(ਸਿਰੀ ਰਾਗ, ਗੁਰੂ ਨਾਨਕ)

ਗੁਰੂ ਨਾਨਕ ਅਤੇ ਭਾਈ ਮਰਦਾਨਾ ਮਦੀਨਾ ਤੋਂ ਮਾਰੂਥਲ ਵਿੱਚੋਂ ਕਾਫ਼ਲਿਆਂ ਦੇ ਰਾਹ ਉੱਤੇ ਨਜਫ਼ ਗਏ। ਇਹ ਰਾਹ ਬੇਗ਼ਮ ਜ਼ੁਬੈਦਾ ਨੇ ਜ਼ਿਆਰਤੀ ਲਈ ਬਣਵਾਇਆ ਸੀ ਜੋ ਖ਼ਲੀਫ਼ਾ ਹਰੂਨ ਰਸ਼ੀਦ ਦੀ ਬੀਵੀ ਸੀ।

ਅਸੀਂ ਸਾਉਦੀ ਅਰਬ ਤੋਂ ਹਵਾਈ ਜਹਾਜ਼ ਰਾਹੀਂ ਇਰਾਕ ਜਾ ਰਹੇ ਹਾਂ ਅਤੇ ਨਜਫ਼ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫ਼ਰ ਅੱਗੇ ਤੋਰਾਂਗੇ।

ਨਜਫ਼ ਪੁਰਤਾਨ ਸ਼ਹਿਰ ਬੇਬੀਲੋਨ ਤੋਂ ਤੀਹ ਕਿਲੋਮੀਟਰ ਦੱਖਣ ਵਾਲੇ ਪਾਸੇ ਨੂੰ ਹੈ। ਇਹ ਸ਼ਹਿਰ ਸੱਤ ਸੌ ਇਕਾਨਵੇਂ ਈਸਵੀ ਵਿੱਚ ਅਬਾਸਿਦ ਖ਼ਲੀਫ਼ਾ ਹਰੂਨ ਰਸ਼ੀਦ ਨੇ ਪੈਗੰਬਰ ਮੁਹੰਮਦ ਦੇ ਦਾਮਾਦ ਹਜ਼ਰਤ ਅਲੀ ਦੀ ਯਾਦ ਵਿੱਚ ਵਸਾਇਆ ਸੀ ਜੋ ਇਮਾਮ ਅਲੀ ਮਸਜਿਦ ਵਿੱਚ ਦਫ਼ਨ ਹਨ। ਸੋਨੇ ਦੀ ਪਤਰਾਂ ਵਾਲੇ ਗੁੰਮਦ ਵਾਲਾ ਇਹ ਅਸਥਾਨ ਉਨ੍ਹਾਂ ਮੁਸਲਮਾਨਾਂ ਲਈ ਜ਼ਿਆਰਤ ਦਾ ਮਰਕਜ਼ ਹੈ ਜੋ ਇਸ ਅਸਥਾਨ ਨੂੰ ਇਸਲਾਮ ਦਾ ਤੀਜਾ ਮੁਕੱਦਸ ਅਸਥਾਨ ਮੰਨਦੇ ਹਨ।

ਵਾਦੀ-ਉਸ-ਸਾਲਾਮ ਦਾ ਅਰਬੀ ਵਿੱਚ ਮਾਅਨਾ ਅਮਨ ਦੀ ਵਾਦੀ ਹੈ, ਇਹ ਦੁਨੀਆ ਦਾ ਸਭ ਤੋਂ ਵੱਡਾ ਕਬਰਸਤਾਨ ਹੈ। ਸ਼ੀਆ ਬਰਾਦਰੀ ਦੇ ਜੀਅ ਇਸ ਕਬਰਸਤਾਨ ਵਿੱਚ ਦਫ਼ਨ ਹੋਣ ਦੀ ਤਾਂਘ ਪਾਲਦੇ ਹਨ ਜਿਸ ਦੇ ਲਾਗੇ ਇਮਾਮ ਅਲੀ ਦਾ ਮਕਬਰਾ ਹੈ। ਮੰਨਿਆ ਜਾਂਦਾ ਹੈ ਕਿ ਕਿਆਮਤ ਵਾਲੇ ਦਿਨ ਇਸ ਕਬਰਸਤਾਨ ਵਿੱਚ ਦਫ਼ਨ ਜੀਅ ਆਪਣੇ ਰੂਹਾਨੀ ਰਹਿਬਰ ਸਮੇਤ ਮੁੜ ਜਾਗ ਪੈਣਗੇ।

ਮੈਂ ਸੋਚਦਾ ਹਾਂ ਕਿ ਮਨੁੱਖ ਮਰਨ ਤੋਂ ਬਾਅਦ ਜੰਨਤ ਵਿੱਚ ਥਾਂ ਮਹਿਫ਼ੂਜ਼ ਕਰਨ ਦੀ ਜ਼ਿਆਦਾ ਚਿੰਤਾ ਕਰਦਾ ਹੈ ਅਤੇ ਮਾਅਨਾਖ਼ੇਜ਼ ਜ਼ਿੰਦਗੀ ਜਿਊਣ ਦੀ ਅਹਿਮੀਅਤ ਭੁੱਲ ਜਾਂਦਾ ਹੈ।

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥
ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ॥
ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ॥
(ਰਾਗ ਆਸਾ, ਗੁਰੂ ਨਾਨਕ)

ਮੁਸਲਮਾਨ ਦੀ ਕਬਰ ਦੀ ਮਿੱਟੀ ਵੀ ਘੁਮਿਆਰ ਦੇ ਚੱਕ ਦੇ ਰਾਹ ਪੈ ਜਾਵੇਗੀ।
ਇਸ ਦੇ ਭਾਂਡੇ ਅਤੇ ਇੱਟਾਂ ਬਣਨਗੀਆਂ ਜੋ ਭੱਠੀ ਵਿੱਚ ਪਕਾਈਆਂ ਜਾਣਗੀਆਂ।
ਜਦੋਂ ਆਤਮ ਪੜਚੋਲ ਦੇ ਅੰਗਾਰੇ ਉਨ੍ਹਾਂ ਉੱਤੇ ਆ ਗਿਰਦੇ ਹਨ ਤਾਂ ਹਉਮੈ ਦੀ ਅੱਗ ਵਿੱਚ ਜਲਦੇ ਮਨੁੱਖ ਰੋਂਦੇ ਹਨ।
ਨਾਨਕ ਨੇ ਆਖਿਆ ਕਿ ਸਿਰਜਣਹਾਰ ਕਰਤਾ ਆਪਣੀ ਸਿਰਜਣਾ ਤੋਂ ਜਾਣੂ ਹੈ।
(ਰਾਗ ਆਸਾ, ਗੁਰੂ ਨਾਨਕ)

ਫ਼ੌਤ ਹੋਣ ਤੋਂ ਬਾਦ ਦੇਹ ਨੂੰ ਅਗਨ ਸਪੁਰਦਿ ਕੀਤਾ ਜਾਵੇ ਜਾਂ ਦਫਨ ਕੀਤਾ ਜਾਵੇ, ਆਖ਼ਰ ਨੂੰ ਇਸ ਨੇ ਮਿੱਟੀ ਹੀ ਹੋ ਜਾਣਾ ਹੈ। ਇਨ੍ਹਾਂ ਕਬਰਾਂ ਦੀ ਮਿੱਟੀ ਘੁਮਿਆਰ ਦੇ ਸਾਂਚੇ ਵਿੱਚੋਂ ਲੰਘਦੀ ਹੈ ਤਾਂ ਭਾਂਡੇ ਅਤੇ ਇੱਟਾਂ ਬਣ ਜਾਂਦੀਆਂ ਹਨ, ਜਿਸ ਨਾਲ ਲੋਕਾਂ ਦੇ ਘਰ ਬਣਦੇ ਹਨ ਜੋ ਕਿਸੇ ਵੀ ਮਜ਼ਹਬ ਦੇ ਪੈਰੋਕਾਰ ਹੋ ਸਕਦੇ ਹਨ। ਮਨੁੱਖਾ ਦੇਹ ਜਿਊਂਦੀ ਹੋਣ ਵੇਲੇ ਹੀ ਵਿਤਕਰਾ ਕਰਦੀ ਹੈ। ਗੁਰੂ ਨਾਨਕ ਨੇ ਫ਼ਰਮਾਇਆ ਕਿ ਬੰਦਾ ਚਾਹੇ ਕਿੰਨੇ ਵੀ ਮਜਲਿਸੀ ਆਦਾਬ ਦਾ ਨਿਰਭਾਹ ਕਰੇ ਪਰ ਸਿਰਜਣਹਾਰ ਉਨ੍ਹਾਂ ਦੇ ਅਮਲਾਂ ਅਤੇ ਇਰਾਦਿਆਂ ਦਾ ਜਾਣੂ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਨਜਫ਼ ਤੋਂ ਕਰਬਲਾ ਦਾ ਸਫ਼ਰ ਕੀਤਾ ਜੋ ਇੱਥੋਂ ਪਚਹਤਰ ਕਿਲੋਮੀਟਰ ਹੈ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਨਜਫ਼ ਤੋਂ ਕਰਬਲਾ ਜਾ ਰਹੇ ਹਾਂ।

ਕਰਬਲਾ ਯੂਫਰੇਟੀਜ਼ ਨਦੀ ਦੇ ਪੱਛਮੀ ਕਿਨਾਰੇ ਵੱਸਿਆ ਹੈ ਜੋ ਬਗ਼ਦਾਦ ਤੋਂ ਦੱਖਣ-ਪੱਛਮੀ ਪਾਸੇ ਨੂੰ ਮਰਕਜ਼ੀ ਇਰਾਕ ਦਾ ਸ਼ਹਿਰ ਹੈ।

**ਅਮਰਦੀਪ ਸਿੰਘ:** ਅਸੀਂ ਮੁਕੱਦਸ ਸ਼ਹਿਰ ਕਰਬਲਾ ਵਿੱਚ ਹਾਂ ਜਿੱਥੇ ਪੈਗੰਬਰ ਮੁਹੰਮਦ ਦੇ ਦੋਹਤੇ ਇਮਾਮ ਹੁਸੈਨ ਦੀ ਸ਼ਹਾਦਤ ਹੋਈ ਅਤੇ ਉਹ ਇਸੇ ਸ਼ਹਿਰ ਵਿੱਚ ਆਰਾਮ ਫ਼ਰਮਾਹ ਹਨ। ਬਗ਼ਦਾਦ ਨੂੰ ਜਾਂਦੇ ਹੋਏ ਗੁਰੂ ਨਾਨਕ ਅਤੇ ਭਾਈ ਮਰਦਾਨਾ ਕਰਬਲਾ ਸ਼ਹਿਰ ਵਿੱਚੋਂ ਲੰਘੇ ਸਨ।

ਕਰਬਲਾ ਦੀ ਮਸ਼ਹੂਰ ਜੰਗ ਛੇ ਸੌ ਅੱਸੀ ਈਸਵੀ ਵਿੱਚ ਹੋਈ ਜੋ ਇਸਲਾਮਿਕ ਇਤਿਹਾਸ ਦਾ ਅਹਿਮ ਵਾਕਿਆ ਹੈ। ਇਸ ਜੰਗ ਦੇ ਨਤੀਜੇ ਨੇ ਹੀ ਇਸਲਾਮ ਦੇ ਦੋ ਫ਼ਿਰਕਿਆਂ, ਸ਼ੀਆ ਅਤੇ ਸੁੰਨੀ, ਦੇ ਤਾਅਲੁਕਾਤ ਤੈਅ ਕੀਤੇ। ਕਰਬਲਾ ਦੀ ਜੰਗ ਦੀ ਬਾਰੀਕ ਤਫ਼ਸੀਲ ਸ਼ੀਆ ਮਜ਼ਹਬ ਅਤੇ ਤਹਿਜ਼ੀਬ ਵਿੱਚ ਤਸਦੀਕੀ ਮੋਹਰ ਬਣ ਗਈ।ਕਰਬਲਾ ਦੇ ਮਕਬਰੇ ਵਿੱਚ ਜ਼ਿਆਰਤੀ 'ਅਸ਼ੂਰਾ' ਦੇ ਦਿਨਾਂ ਵਿੱਚ ਸਤਕਾਰ ਵੱਜੋਂ ਆਉਂਦੇ ਹਨ ਜੋ ਕਰਬਲਾ ਦੀ ਜੰਗ ਵਿੱਚ ਇਮਾਮ ਹੁਸੈਨ ਅਤੇ ਉਨ੍ਹਾਂ ਦੇ ਹਮਾਇਤੀਆਂ ਦੀ ਸ਼ਹਾਦਤ ਨੂੰ ਸਿਜਦਾ ਹੈ।

ਇਮਾਮ ਹੁਸੈਨ ਦੀ ਸ਼ਹਾਦਤ ਉਨ੍ਹਾਂ ਦੇ ਧੁਰ ਅੰਦਰ ਵਸੇ ਮਕਸਦ ਦੀ ਗਵਾਹੀ ਭਰਦੀ ਹੈ ਜਿਸ ਦੀ ਟੀਚਾ ਜ਼ੁਲਮ ਅਤੇ ਗ਼ੁਲਾਮੀ ਖ਼ਿਲਾਫ਼ ਇਨਸਾਫ਼ ਅਤੇ ਆਜ਼ਾਦੀ ਵਾਲੇ ਸੰਪੂਰਨ ਕਿਰਦਾਰ ਦੀ ਬੁਨਿਆਦ ਰੱਖਣਾ ਸੀ। ਸ਼ਹੀਦਾਂ ਦੀ ਅਕੀਦਤ ਵਿੱਚ ਸ਼ਰਧਾਲੂ ਆਪਣੇ-ਆਪ ਨੂੰ ਜ਼ਖਮੀ ਕਰਨ ਵਾਲੀਆਂ ਰਸਮਾਂ ਨਿਭਾਉਂਦੇ ਹਨ ਅਤੇ ਕਾਤਲਾਂ ਨੂੰ ਬਦਦੁਆਵਾਂ ਦਿੰਦੇ ਹਨ।

ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ॥
(ਰਾਗ ਮਾਝ, ਗੁਰੂ ਨਾਨਕ)

ਜਦੋਂ ਤੁਸੀਂ ਰੱਬ ਦੀ ਰਜ਼ਾ ਕਬੂਲ ਕਰ ਲੈਂਦੇ ਹੋ ਤਾਂ ਖ਼ੁਦਗਰਜ਼ੀ ਅਤੇ ਫਰੇਬ ਮੁੱਕ ਜਾਂਦਾ ਹੈ।
ਨਾਨਕ ਆਖਦੇ ਨੇ ਕਿ ਸਭ ਜੀਆਂ ਲਈ ਮਿਹਰਵਾਨ ਮਨੁੱਖ ਹੀ ਸੱਚਾ ਮੁਸਲਮਾਨ ਅਖਵਾ ਸਕਦਾ ਹੈ।
(ਰਾਗ ਮਾਝ, ਗੁਰੂ ਨਾਨਕ)

ਸ਼ਹਾਦਤ ਨੂੰ ਸੱਚਾ ਅਕੀਦਾ ਹਉਮੈ ਨੂੰ ਮਾਰ ਕੇ, ਪ੍ਰੇਮ ਲਈ ਦੁਹਾਈ ਪਾ ਕੇ ਅਤੇ ਆਪਣੇ ਅਤੇ ਦੂਜਿਆਂ ਦੇ ਨਿਰਾਦਰ ਨੂੰ ਬਦਦੁਆਵਾਂ ਦੇ ਕੇ ਪੇਸ਼ ਕੀਤਾ ਜਾ ਸਕਦਾ ਹੈ। ਗੁਰੂ ਨਾਨਕ ਨੇ ਫ਼ਰਮਾਇਆ ਕਿ ਸਰਵ-ਸ਼ਕਤੀਮਾਨ ਦੀ ਰਜ਼ਾ ਵਿੱਚ ਰਹਿਣ ਵਾਲਾ ਮਿਹਰਵਾਨ ਮਨੁੱਖ ਹੀ ਸੱਚਾ ਮੁਸਲਮਾਨ ਹੋ ਸਕਦਾ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨਜਫ਼ ਤੋਂ ਮਾਰੂਥਲੀ ਰਾਹ ਉੱਤੇ ਸਫ਼ਰ ਕਰਦੇ ਹੋਏ ਬਗ਼ਦਾਦ ਪਹੁੰਚੇ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਕਰਬਲਾ ਤੋਂ ਬਗ਼ਦਾਦ ਜਾ ਰਹੇ ਹਾਂ।

**ਅਮਰਦੀਪ ਸਿੰਘ:** ਇਤਿਹਾਸਕ ਤੌਰ ਉੱਤੇ ਇਰਾਕ ਨੂੰ ਸੱਭਿਅਤਾਵਾਂ ਦਾ ਪੰਘੂੜਾ ਕਿਹਾ ਜਾਂਦਾ ਹੈ। ਇਸ ਦੀ ਰਾਜਧਾਨੀ, ਬਗ਼ਦਾਦ ਦੋ ਨਦੀਆਂ ਟਿਗਰਿਸ ਅਤੇ ਯੂਫਰੇਟੀਜ਼ ਵਿੱਚ ਪੈਂਦਾ ਹੈ।

ਤੇਰਵੀਂ ਸਦੀ ਦੇ ਯਾਤਰੀ ਇਬਨ ਬਾਤੂਤਾ ਦੇ ਜ਼ਿਕਰ ਕੀਤਾ ਹੈ ਕਿ ਨਜਫ਼ ਤੋਂ ਬਗ਼ਦਾਦ ਦਾ ਸੌਦਾਗਰੀ ਰਾਹ ਬਹੁਤ ਮੁਸ਼ਕਲ ਸੀ। ਇਤਿਹਾਸਕ ਲਿਖਤਾਂ ਵਿੱਚ ਦਰਜ ਹੈ ਕਿ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਵੀ ਉਸੇ ਰਾਹ ਉੱਤੇ ਸਫ਼ਰ ਕੀਤਾ।

ਭਾਈ ਗੁਰਦਾਸ ਨੇ ਆਪਣੀਆਂ 'ਵਾਰਾਂ' ਵਿੱਚ ਲਿਖਿਆ ਹੈ ਕਿ ਬਗ਼ਦਾਦ ਪਹੁੰਚਣ ਤੋਂ ਬਾਅਦ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਸ਼ਹਿਰ ਦੇ ਬਾਹਰ ਆਰਾਮ ਕੀਤਾ।

ਫਿਰਿ ਬਾਬਾ ਗਇਆ ਬਗਦਾਦਿ ਨੋ ਬਾਹਰਿ ਜਾਇ ਕੀਆ ਅਸਥਾਨਾ॥
ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ॥
(ਭਾਈ ਗੁਰਦਾਸ)

ਫਿਰ ਬਾਬਾ ਨੇ ਬਗ਼ਦਾਦ ਪਹੁੰਚ ਕੇ ਸ਼ਹਿਰ ਦੇ ਬਾਹਰ ਆਰਾਮ ਕੀਤਾ।
ਇੱਕ ਬਾਬਾ ਆਕਾਲ ਰੂਪ ਸੀ ਅਤੇ ਦੂਜਾ ਮਰਦਾਨਾ ਰਬਾਬੀ ਸੀ।
(ਭਾਈ ਗੁਰਦਾਸ)

ਗੁਰੂ ਨਾਨਕ ਦੇ ਬਗ਼ਦਾਦ ਆਉਣ ਵੇਲੇ ਇੱਥੇ ਪਰਸ਼ੀਆ ਦੇ ਸਾਮਰਾਜ ਵਿੱਚ ਇਰਾਨ ਦੇ ਸ਼ੀਆ ਹੁਕਮਰਾਨ ਸ਼ਾਹ ਇਸਮਾਇਲ ਦੇ ਸਫ਼ਾਵਿਦ ਖ਼ਾਨਦਾਨ ਦਾ ਰਾਜ ਸੀ। ਇਸਲਾਮੀ ਇਤਿਹਾਸ ਵਿੱਚ ਉਸ ਦੌਰ ਨੂੰ ਹੰਗਾਮਾਖ਼ੇਜ਼ ਮੰਨਿਆ ਜਾਂਦਾ ਹੈ ਕਿਉਂਕਿ ਸ਼ੀਆ ਅਤੇ ਸੁੰਨੀ ਮੁਸਲਮਾਨਾਂ ਵਿੱਚ ਟਕਰਾਅ ਵਧ ਗਿਆ ਸੀ ਅਤੇ ਦੋਵੇਂ ਆਪਣੀ ਸਿਆਸੀ ਅਤੇ ਮਜ਼ਹਬੀ ਮੁਖ਼ਤਿਆਰੀ ਜਤਾ ਰਹੇ ਸਨ।

ਮਜ਼ਹਬੀ ਵੰਡੀਆਂ ਬਾਰੇ ਸੋਚਦੇ ਹੋਏ ਮੈਨੂੰ ਗੁਰੂ ਨਾਨਕ ਦਾ ਸ਼ਬਦ ਯਾਦ ਆਇਆ ਹੈ।

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ॥
(ਰਾਗ ਮਾਝ, ਗੁਰੂ ਨਾਨਕ)

ਮੁਸਲਮਾਨ ਕਹਾਉਣਾ ਮੁਸ਼ਕਲ ਹੈ। ਜੇ ਤੁਸੀਂ ਸੱਚੇ ਮੁਸਲਮਾਨ ਹੋ ਤਾਂ ਹੀ ਤੁਸੀਂ ਅਖਵਾ ਸਕਦੇ ਹੋ।
ਸਭ ਤੋਂ ਪਹਿਲਾਂ ਹਲੀਮੀ ਨਾਲ ਰੂਹਾਨੀ ਸੁਨੇਹੇ ਦੀ ਅਕੀਦਤ ਕਰੋ। ਹਉਮੈ ਦਾ ਤਿਆਗ ਕਰੋ ਤਾਂ ਜੋ ਪਦਾਰਥ ਦੀ ਲਾਲਸਾ ਖ਼ਤਮ ਹੋ ਜਾਵੇ।
ਸੱਚਾ ਮੁਸਲਮਾਨ ਅਤੇ ਮੁਹੰਮਦ ਦੇ ਦੀਨ ਦਾ ਪਾਂਧੀ ਹੋ ਕੇ ਤੁਸੀਂ ਜੀਣ-ਮਰਨ ਦੇ ਭਰਮ ਤੋਂ ਬਾਹਰ ਹੋ ਜਾਂਦੇ ਹੋ।
ਜਦੋਂ ਤੁਸੀਂ ਰੱਬ ਦੀ ਰਜ਼ਾ ਕਬੂਲ ਕਰ ਲੈਂਦੇ ਹੋ ਤਾਂ ਖ਼ੁਦਗਰਜ਼ੀ ਅਤੇ ਫਰੇਬ ਮੁੱਕ ਜਾਂਦਾ ਹੈ।
ਨਾਨਕ ਨੇ ਆਖਿਆ ਕਿ ਸਭ ਜੀਆਂ ਲਈ ਮਿਹਰਵਾਨ ਮਨੁੱਖ ਹੀ ਸੱਚਾ ਮੁਸਲਮਾਨ ਅਖਵਾ ਸਕਦਾ ਹੈ।
(ਰਾਗ ਮਾਝ, ਗੁਰੂ ਨਾਨਕ)

ਗੁਰੂ ਨਾਨਕ ਨੇ ਫ਼ਰਮਾਇਆ ਕਿ ਕਿਸੇ ਇੱਕ ਮਜ਼ਹਬੀ ਫ਼ਿਰਕੇ ਨਾਲ ਜੁੜ ਜਾਣਾ ਸੁਖਾਲਾ ਹੈ। ਅਸਲ ਵਿੱਚ ਸੱਚਾ ਜੁੜਾਅ ਤਾਂ ਕਿਸੇ ਮਜ਼ਹਬ ਦੀਆਂ ਸਿੱਖਿਆਵਾਂ ਨੂੰ ਮਨ ਅੰਦਰ ਵਸਾ ਲੈਣਾ ਹੈ।

ਬਗ਼ਦਾਦ ਵਿੱਚ ਅਸੀਂ 'ਕਾਦਰੀ' ਇਸਲਾਮੀ ਸੂਫ਼ੀ ਸਿਲਸਿਲੇ ਦੇ ਅਸਥਾਨ ਜਾ ਰਹੇ ਹਾਂ।

**ਅਮਰਦੀਪ ਸਿੰਘ:** ਅਸੀਂ ਬਗ਼ਦਾਦ ਵਿੱਚ ਪੀਰ ਮੁਹੀਉਦੀਨ ਅਬਦੁਲ ਕਾਦਿਰ ਗ਼ਿਲਾਨੀ ਸਾਹਿਬ ਦੀ ਮਜ਼ਾਰ ਵਿੱਚ ਹਾਂ। ਉਹ ਕਾਦਰੀ ਸਿਲਸਿਲੇ ਦੇ ਬਾਨੀ ਸਨ। ਜਦੋਂ ਗੁਰੂ ਨਾਨਕ ਇਸ ਸ਼ਹਿਰ ਵਿੱਚ ਆਏ ਤਾਂ ਇਸ ਦਰਗਾਹ ਦੇ ਰੂਹਾਨੀ ਮੁਹਤਬਰ ਪੀਰ ਅਬਦੁਲ ਰਹਿਮਾਨ ਸਨ। ਉਨ੍ਹਾਂ ਨੂੰ ਪੀਰ ਦਸਤਗੀਰ ਵੀ ਕਿਹਾ ਜਾਂਦਾ ਸੀ ਜਿਸ ਦਾ ਮਾਅਨਾ ਹੈ ਜੋ ਰੂਹਾਨੀ ਅਗਵਾਈ ਲਈ ਹੱਥ ਫੜਦਾ ਹੈ।

ਬਗ਼ਦਾਦ ਦੇ ਕਿਆਮ ਦੌਰਾਨ ਗੁਰੂ ਨਾਨਕ ਅਤੇ ਭਾਈ ਮਰਦਾਨਾ ਇੱਕ ਦਿਨ ਇਲਾਹੀ ਦੀ ਵਜੱਦ ਵਿੱਚ ਹਾਜ਼ਰਾ-ਹਜ਼ੂਰੀ ਦੇ ਸੁਨੇਹੇ ਨੂੰ ਪੇਸ਼ ਕਰਨ ਵਾਲੇ ਸ਼ਬਦ ਦਾ ਗਾਇਨ ਕਰ ਰਹੇ ਸਨ। ਉਨ੍ਹਾਂ ਨੇ ਬਿਆਨ ਕੀਤਾ ਕਿ ਹਿੰਦੂਆਂ ਦੇ ਵੇਦਾਂ ਮੁਤਾਬਕ ਅਸੰਖ ਲੋਕ ਹਨ ਜਿਨ੍ਹਾਂ ਦੀ ਭਾਲ ਹੀ ਥਕਾ ਦਿੰਦੀ ਹੈ ਅਤੇ ਇਸਲਾਮੀ ਕਤੇਬਾਂ ਮੁਤਾਬਕ ਅਠਾਰਾਂ ਹਜ਼ਾਰ ਲੋਕ ਹਨ  ਗੁਰੂ ਨਾਨਕ ਨੇ ਆਖਿਆ ਹਾਜ਼ਰਾ-ਹਜ਼ੂਰ ਇੱਕੋ ਹੈ ਅਤੇ ਬਾਕੀ ਸਭ ਉਸੇ ਦਾ ਇਜ਼ਹਾਰ ਹੈ।

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥
(ਜਪ, ਗੁਰੂ ਨਾਨਕ)

ਪਾਤਾਲ ਦੇ ਲੱਖਾਂ ਪਾਤਾਲ ਹਨ, ਆਗਾਸ ਦੇ ਲੱਖਾਂ ਆਗਾਸ ਹਨ।
ਵੇਦ ਕਹਿੰਦੇ ਹਨ ਕਿ ਤੁਸੀਂ ਇਨ੍ਹਾਂ ਦੀ ਭਾਲ ਵਿੱਚ ਆਖ਼ਰ ਥਕ ਜਾਵੋਗੇ।
ਇਸਲਾਮੀ ਕਤੇਬਾ ਦਾ ਕਹਿਣਾ ਹੈ ਕਿ ਅਠਾਰਾਂ ਹਜ਼ਾਰ ਲੋਕ ਹਨ ਪਰ ਹਕੀਕਤ ਵਿੱਚ ਉਹ ਇੱਕੋ ਹਸਤੀ ਹੈ।
ਜੇ ਸਿਰਜਨ ਦਾ ਲੇਖਾ ਲਿਖਿਆ ਜਾਵੇ ਤਾਂ ਲਿਖਦੇ-ਲਿਖਦੇ ਮਨੁੱਖ ਹਿ ਪੂਰਾ ਹੋ ਜਾਵੇਗਾ।
ਨਾਨਕ ਨੇ ਆਖਿਆ ਕਿ ਉਸ ਨੂੰ ਵੱਡਾ ਆਖੋ ਜੋ ਆਪ ਹੀ ਆਪਣੇ-ਆਪ ਦਾ ਜਾਣੂ ਹੈ।
(ਜਪੁ, ਗੁਰੂ ਨਾਨਕ)

ਇਸ ਇਲਾਕੇ ਦੇ ਇਸਲਾਮੀ ਮਜ਼ਹਬ ਨਾਲ ਜੁੜੇ ਕੁਝ ਧੜਿਆਂ ਦਾ ਮੰਨਣਾ ਸੀ ਕਿ ਮੌਸਿਕੀ ਹਰਾਮ ਹੈ। ਬੇਅਦਬੀ ਦੇ ਇਸ ਅਮਲ ਦੀ ਸ਼ਿਕਾਇਤ ਲੈ ਕੇ ਕੁਝ ਲੋਕ ਪੀਰ ਅਬਦੁਲ ਰਹਿਮਾਨ, 'ਪੀਰ ਦਸਤਗੀਰ' ਕੋਲ ਪੁੱਜੇ ਜੋ ਆਪ ਚੱਲ ਕੇ ਗੁਰੂ ਨਾਨਕ ਕੋਲ ਪਹੁੰਚੇ। ਦੋਵਾਂ ਵਿੱਚ ਰੂਹਾਨੀ ਗੋਸ਼ਟਿ ਹੋਇਆ। ਇਸ ਤੋਂ

ਬਾਅਦ ਪੀਰ ਦਸਤਗੀਰ ਨੇ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੂੰ ਪੀਰ ਮੁਹੀਉਦੀਨ ਅਬਦੁਲ ਕਾਦਿਰ ਗ਼ਿਲਾਨੀ ਸਾਹਿਬ ਦੀ ਮਜ਼ਾਰ ਉੱਤੇ ਜੁੜੀ ਸੰਗਤ ਨਾਲ ਕੁਝ ਸਮਾਂ ਗੁਜ਼ਾਰਨ ਦਾ ਸੱਦਾ ਦਿੱਤਾ।

ਇਸ ਮਜ਼ਾਰ ਉੱਤੇ ਗੁਰੂ ਨਾਨਕ ਦੀ ਮੁਲਾਕਾਤ ਫ਼ਕੀਰ ਬਹਿਲੋਲ ਨਾਲ ਹੋਈ ਜੋ ਅੱਠਵੀਂ ਸਦੀ ਦੇ ਕੂਫਾ ਦੇ ਰੂਹਾਨੀ ਸੰਤ ਬਹਿਲੋਲ ਦਾਨਾ ਦੇ ਰੂਹਾਨੀ ਜਾਨਸ਼ੀਨ ਸਨ। ਫ਼ਕੀਰ ਬਹਿਲੋਲ ਨੇ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੂੰ ਬਗ਼ਦਾਦ ਦੇ ਬਾਹਰ-ਵਾਰ ਆਪਣੇ ਨਿਮਾਣੇ ਜਿਹੇ ਨਿਵਾਸ ਉੱਤੇ ਕਿਆਮ ਕਰਨ ਦਾ ਸੱਦਾ ਦਿੱਤਾ।

ਅਸੀਂ ਹੁਣ ਫ਼ਕੀਰ ਬਹਿਲੋਲ ਦੀ ਮਜ਼ਾਰ ਉੱਤੇ ਜਾ ਰਹੇ ਹਾਂ।

**ਅਮਰਦੀਪ ਸਿੰਘ:** ਅਸੀਂ ਉਸ ਅਸਥਾਨ ਉੱਤੇ ਹਾਂ ਜੋ ਪਹਿਲਾਂ ਅਮਲੀ ਪੱਖੋਂ ਬਗ਼ਦਾਦ ਵਿੱਚ ਗੁਰਦਵਾਰਾ ਹੁੰਦਾ ਸੀ। ਇਹ ਗੁਰੂ ਨਾਨਕ ਦੇ ਇੱਥੇ ਆਉਣ ਅਤੇ ਉਨ੍ਹਾਂ ਦੀ ਫ਼ਕੀਰ ਬਹਿਲੋਲ ਨਾਲ ਮੁਲਾਕਾਤ ਦੀ ਯਾਦ ਵਿੱਚ ਬਣਿਆ ਸੀ। ਇਹ ਅਸਥਾਨ ਟਿਗਰਿਸ ਨਦੀ ਅਤੇ ਬਗ਼ਦਾਦ ਰੇਲਵੇ ਸਟੇਸ਼ਨ ਦੇ ਲਾਗੇ ਹੈ।

ਵੀਹਵੀਂ ਸਦੀ ਦੇ ਸ਼ੁਰੂ ਵਿੱਚ ਬਰਤਾਨਵੀਂ ਭਾਰਤੀ ਫ਼ੌਜ ਦੇ ਪੰਜਾਬੀ ਫ਼ੌਜੀ ਬਗ਼ਦਾਦ ਵਿੱਚ ਤਾਇਨਾਤ ਸਨ। ਉਨ੍ਹਾਂ ਨੇ ਫ਼ਕੀਰ ਬਹਿਲੋਲ ਦੀ ਮਜ਼ਾਰ ਦੇ ਲਾਗੇ ਗੁਰੂ ਨਾਨਕ ਦੇ ਆਉਣ ਦੀ ਯਾਦ ਵਿੱਚ ਇਹ ਯਾਦਗਾਰ ਬਣਾਈ ਸੀ।

ਸਿਆਸੀ ਉਥਲ-ਪੁਥਲ ਕਾਰਨ ਇਰਾਕ ਵਿੱਚ ਆ ਕੇ ਵਸਣ ਵਾਲੇ ਆਵਾਸੀ ਹਿਜਰਤ ਕਰ ਗਏ। ਉਸ ਤੋਂ ਬਾਅਦ ਦੋ ਹਜ਼ਾਰ ਤਿੰਨ ਈਸਵੀ ਦੀ ਇਰਾਕ ਜੰਗ ਵਿੱਚ ਇਹ ਗੁਰਦਵਾਰਾ ਤਬਾਹ ਹੋ ਗਿਆ। ਅਸੀਂ ਅਬੂ ਯੂਸਫ਼ ਨੂੰ ਮਿਲੇ, ਜਦੋਂ ਇਸ ਗੁਰਦਵਾਰੇ ਵਿੱਚ ਸੇਵਾ-ਸੰਭਾਲ ਹੁੰਦੀ ਸੀ ਤਾਂ ਉਨ੍ਹਾਂ ਦੇ ਦਾਦਾ ਜੀ ਇੱਥੇ ਸੇਵਾਦਾਰ ਸਨ।

**ਅਬੂ ਯੂਸੁਫ਼:** ਮੇਰੇ ਦਾਦਾ ਜੀ ਗੁਰਦਵਾਰੇ ਦੀ ਸੇਵਾ ਕਰਦੇ ਸਨ। ਉਨ੍ਹਾਂ ਤੋਂ ਬਾਅਦ ਮੈਂ ਸੇਵਾ ਕਰਦਾ ਸੀ। ੨੦੦੩ ਦੀ ਇਰਾਕ ਜੰਗ ਵਿੱਚ ਬਾਬਾ ਨਾਨਕ ਦੇ ਅਸਥਾਨ ਉੱਤੇ ਵੀ ਬੰਬ ਗਿਰੇ ਸਨ। ਬੰਬਾਂ ਦਾ ਨੁਕਸਾਨ ਲਾਗਲੀ ਬਹਿਲੋਲ-ਅਲ-ਕਾਫੀ ਦੀ ਮਜ਼ਾਰ ਨੂੰ ਵੀ ਹੋਇਆ ਸੀ। ਜ਼ਿਆਦਾ ਨੁਕਸਾਨ ਬਾਬਾ ਨਾਨਕ ਦੇ ਅਸਥਾਨ ਦਾ ਹੋਇਆ ਸੀ। ਤੁਸੀਂ ਇਸ ਦੀ ਹਾਲਤ ਆਪ ਦੇਖ ਸਕਦੇ ਹੋ।

**ਅਮਰਦੀਪ ਸਿੰਘ:** ਮੈਨੂੰ ਦੱਸਿਆ ਗਿਆ ਹੈ ਕਿ ਇਹ ਥੜਾ ਸੀ ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ ਅਤੇ ਸਾਡੇ ਪਿੱਛੇ ਕੰਧ ਹੈ ਜਿੱਥੇ ਇਸ ਅਸਥਾਨ ਦਾ ਇਤਿਹਾਸ ਬਿਆਨ ਕਰਨ ਵਾਲੀ ਫੱਟੀ ਲੱਗੀ ਹੋਈ ਸੀ।

ਚੰਗੇ ਅਤੇ ਮੁਸ਼ਕਲ ਸਮੇਂ ਚੱਲਣਹਾਰ ਹਨ। ਅਬੂ ਯੂਸਫ਼ ਦਾ ਨਿੱਘ ਅਤੇ ਉਨ੍ਹਾਂ ਦਾ ਗੁਰੂ ਨਾਨਕ ਨਾਲ ਪਿਆਰ ਆਸ ਬੰਨ੍ਹਾਉਂਦਾ ਹੈ ਕਿ ਮੁਸ਼ਕਲ ਹਾਲਾਤ ਨੇ ਗੁਰੂ ਨਾਨਕ ਦੀਆਂ ਯਾਦਾਂ ਮਿਟਾਈਆਂ ਸਨ ਅਤੇ ਇਸ ਇਲਾਕੇ ਵਿੱਚ ਅਮਨ ਦੇ ਪਰਤਣ ਨਾਲ ਉਹ ਯਾਦਾਂ ਵੀ ਮੁੜ ਸਥਾਪਿਤ ਹੋ ਜਾਣਗੀਆਂ।

ਆਖਣੁ ਵੇਖਣੁ ਬੋਲਣੁ ਚਲਣੁ ਜੀਵਣੁ ਮਰਣਾ ਧਾਤੁ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ॥
(ਰਾਗ ਮਾਝ, ਗੁਰੂ ਨਾਨਕ)

ਆਖਣਾ, ਵੇਖਣਾ, ਬੋਲਣਾ, ਚਲਣਾ, ਜਿਊਣਾ ਅਤੇ ਮਰਨਾ, ਸਭ ਚੱਲਣਹਾਰ ਹੈ।
ਕੁਦਰਤ ਦੇ ਹੁਕਮ ਨਾਲ ਸਭ ਕੁਝ ਸਜਿਆ ਹੈ ਅਤੇ ਉਸੇ ਦੇ ਹੁਕਮ ਵਿੱਚ ਸਭ ਕੁਝ ਪਲਿਆ ਹੈ। ਨਾਨਕ ਨੇ ਆਖਿਆ ਕਿ ਉਹ ਆਪ ਹੀ ਸੱਚਾ ਹੈ।
(ਰਾਗ ਮਾਝ, ਗੁਰੂ ਨਾਨਕ)

ਬਗ਼ਦਾਦ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਉੱਤਰ ਵਾਲੇ ਪਾਸੇ ਨੂੰ ਜ਼ਮੀਨ ਦੇ ਰਾਹ ਉੱਤੇ ਤਬਰੀਜ਼ ਦਾ ਸਫ਼ਰ ਕੀਤਾ।

ਅਸੀਂ ਇਰਾਕ ਤੋਂ ਇਰਾਨ ਜਾ ਰਹੇ ਹਾਂ ਅਤੇ ਤਬਰੀਜ਼ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫ਼ਰ ਅੱਗੇ ਤੋਰਾਂਗੇ।

ਇਰਾਨ ਦੀ ਉੱਤਰ-ਪੱਛਮੀ ਸਰਹੱਦ ਅਰਮੀਨੀਆ ਅਤੇ ਅਜ਼ਰਬਾਈਜਾਨ ਨਾਲ ਲਗਦੀ ਹੈ, ਇਸ ਦੇ ਉੱਤਰ ਵਾਲੇ ਪਾਸੇ ਕੈਸਪੀਅਨ ਸਾਗਰ ਹੈ, ਉੱਤਰ-ਪੂਰਬੀ ਵਾਲੇ ਪਾਸੇ ਤੁਰਕਮੇਨੀਸਤਾਨ ਹੈ, ਪੂਰਬੀ ਪਾਸੇ ਅਫ਼ਗ਼ਾਨਿਸਤਾਨ ਹੈ ਅਤੇ ਦੱਖਣੀ-ਪੂਰਬੀ ਪਾਸੇ ਪਾਕਿਸਤਾਨ ਹੈ। ਸੋਲਵੀਂ ਸਦੀ ਵਿੱਚ ਬਗ਼ਦਾਦ ਤੋਂ ਤਹਿਰਾਨ ਜਾਣ ਦਾ ਆਮ ਰਾਹ ਪੂਰਬੀ ਅਜ਼ਰਬਾਈਜਾਨ ਸੂਬੇ ਦੇ ਸ਼ਹਿਰ ਤਬਰੀਜ਼ ਵਿੱਚੋਂ ਜਾਂਦਾ ਸੀ ਜੋ ਉੱਤਰ-ਪੱਛਮੀ ਇਰਾਨ ਵਿੱਚ ਪੈਂਦਾ ਸੀ। ਗੁਰੂ ਨਾਨਕ ਤੋਂ ਇੱਕ ਸਦੀ ਪਹਿਲਾਂ ਇਸ ਇਲਾਕੇ ਦਾ ਸਫ਼ਰ ਕਰਨ ਵਾਲੇ ਮੋਰੱਕਨ ਯਾਤਰੀ ਇਬਨ ਬਤੂਤਾ ਨੇ ਲਿਖਿਆ ਹੈ ਕਿ ਤਬਰੀਜ਼, ਮੰਗੋਲਾਂ ਦੀ ਰਾਜਧਾਨੀ ਸੀ ਅਤੇ ਸਿਲਕ ਰਾਹ ਉੱਤੇ ਹੋਣ ਕਾਰਨ ਸੌਦਾਗਰੀ ਦਾ ਮਰਕਜ਼ ਸੀ।

**ਅਮਰਦੀਪ ਸਿੰਘ:** ਜਦੋਂ ਗੁਰੂ ਨਾਨਕ ਨੇ ਇਸ ਇਲਾਕੇ ਦਾ ਸਫ਼ਰ ਕੀਤਾ ਤਾਂ ਇਸ ਦੀ ਪਛਾਣ ਪਰਸ਼ੀਆ ਵਜੋਂ ਸੀ। ਇਸ ਇਲਾਕੇ ਵਿੱਚ ਉਸ ਵੇਲੇ ਅਤੇ ਹੁਣ ਵੀ ਲੋਕ ਇਸਲਾਮ ਨੂੰ ਮੰਨਦੇ ਹਨ।

ਤਬਰੀਜ਼ ਵਿੱਚ ਸਾਨੂੰ ਗੁਰੂ ਨਾਨਕ ਦੇ ਇੱਥੇ ਆਉਣ ਦੀ ਯਾਦ ਨਾਲ ਜੁੜੀ ਕੋਈ ਨਿਸ਼ਾਨੀ ਨਹੀਂ ਮਿਲੀ।

ਉੱਨੀਵੀਂ ਸਦੀ ਵਿੱਚ ਸਿੰਧ ਦੀ ਰਲ਼ੀ-ਮਿਲੀ ਮਜ਼ਹਬੀ ਬਰਾਦਰੀ ਦੇ ਸੌਦਾਗਰ ਪਾਕਿਸਤਾਨ ਦੇ ਮੁਲਤਾਨ ਅਤੇ ਸਿੰਧ ਤੋਂ ਇੱਥੇ ਵਸ ਗਏ ਸਨ ਜੋ ਗੁਰੂ ਨਾਨਕ ਨੂੰ ਮੰਨਦੇ ਸਨ। ਉਹ ਆਪਣੇ ਰੂਹਾਨੀ ਜੋੜ੍ਹ ਮੇਲੇ ਆਤਿਸ਼ਗਾਹ ਵਿੱਚ ਕਰਦੇ ਸਨ ਜੋ ਅਜ਼ਰਬਾਈਜਾਨ ਦੇ ਬਾਕੂ ਸ਼ਹਿਰ ਦਾ ਆਤਿਸ਼ ਮੰਦਿਰ ਸੀ। ਜ਼ੋਰਾਸ਼ਟਰੀਅਨ ਬਰਾਦਰੀ ਵੀ ਉਸ ਅਸਥਾਨ ਦੀ ਅਕੀਦਤ ਕਰਦੀ ਸੀ। ਆਤਿਸ਼ਗਾਹ ਮੰਦਿਰ ਦੀਆਂ ਬਾਹਰਲੀਆਂ ਕੰਧਾਂ ਉੱਤੇ ਵੈਦਿਕ ਮੰਤਰਾਂ ਦੇ ਨਾਲ ਗੁਰੂ ਨਾਨਕ ਦੀ ਬਾਣੀ ਵੀ ਨਕਾਸ਼ੀ ਗਈ ਹੈ। ਇਸ ਨਕਾਸ਼ੀ ਦੀ ਸਰਪ੍ਰਸਤੀ ਉਦਾਸੀ ਸਮਪ੍ਰਦਾਇ ਦੇ 'ਬਾਬਾ ਬਾਂਕੇ ਸਾਹਿਬ' ਨੇ ਕੀਤੀ ਸੀ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਤਬਰੀਜ਼ ਤੋਂ ਤਹਿਰਾਨ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਤਬਰੀਜ਼ ਤੋਂ ਤਹਿਰਾਨ ਜਾ ਰਹੇ ਹਾਂ।

ਤਹਿਰਾਨ ਵਿੱਚ ਅਸੀਂ ਗੁਰਦਵਾਰੇ ਜਾ ਰਹੇ ਹਾਂ ਜੋ ਉੱਨੀ ਸੌ ਇਕਤਾਲੀ ਵਿੱਚ ਗੁਰੂ ਨਾਨਕ ਨੂੰ ਮੰਨਣ ਵਾਲਿਆਂ ਨੇ ਬਣਾਇਆ ਸੀ।

**ਅਮਰਦੀਪ ਸਿੰਘ:** ਕਦੇ ਇਰਾਨ ਦੇ ਦੋ ਸ਼ਹਿਰਾਂ, ਤਹਿਰਾਨ ਅਤੇ ਜ਼ਾਹੇਦਾਨ ਵਿੱਚ ਸਿੱਖਾਂ ਦੀ ਜ਼ਿਕਰ ਗੋਚਰੀ ਆਬਾਦੀ ਹੁੰਦੀ ਸੀ। ਹਾਲੀਆ ਸਿਆਸੀ ਸਮੱਸਿਆਵਾਂ ਕਾਰਨ ਇਸ ਇਲਾਕੇ ਵਿੱਚ ਸਿੱਖ ਆਬਾਦੀ ਘੱਟ ਕੇ ਕੁਝ ਸੈਂਕੜੇ ਰਹਿ ਗਈ ਹੈ।

ਇਰਾਨੀ ਲੋਕ ਇਸ ਗੁਰਦਵਾਰੇ ਨੂੰ 'ਮਸਜਿਦ-ਏ-ਹਿੰਦਨ' ਕਹਿੰਦੇ ਹਨ ਜਿਸ ਦਾ ਮਾਅਨਾ ਹੈ, ਹਿੰਦ ਦੇ ਲੋਕਾਂ ਦੀ ਮਸਜਿਦ। ਗੁਰਦਵਾਰਾ ਅਤੇ ਮਸਜਿਦ ਰੂਪੀ ਸ਼ਬਦਾਂ ਦਾ ਇਸ ਤਰ੍ਹਾਂ ਦਾ ਰਲ਼ੇਵਾਂ ਮੈਨੂੰ ਗੁਰੂ ਨਾਨਕ ਦਾ ਸ਼ਬਦ ਯਾਦ ਕਰਵਾਉਂਦਾ ਹੈ ਜਿਸ ਵਿੱਚ ਉਹ ਕਹਿੰਦੇ ਹਨ ਕਿ ਇਬਾਦਤ ਦੇ ਵੱਖ-ਵੱਖ ਮਜ਼ਹਬੀ ਅਸਥਾਨ ਤੋਂ ਵੱਖ-ਵੱਖ ਤਰ੍ਹਾਂ ਸੱਦ ਪੈਂਦੀ ਹੈ ਪਰ ਇਸ ਨੂੰ ਸੁਣਨ ਅਤੇ ਮਨ ਵਿੱਚ ਇਲਾਹੀ ਨੂੰ ਵਸਾਉਣ ਵਾਲੇ ਹੀ ਗੁਣੀ ਹਨ।

ਬਾਂਗਾ ਬੁਰਗੂ ਸਿੰਙੀਆ ਨਾਲੇ ਮਿਲੀ ਕਲਾਣ॥
ਇਕਿ ਦਾਤੇ ਇਕਿ ਮੰਗਤੇ ਨਾਮੁ ਤੇਰਾ ਪਰਵਾਣੁ॥
ਨਾਨਕ ਜਿਨ੍ਹੀ ਸੁਣਿ ਕੈ ਮੰਨਿਆ ਹਉ ਤਿਨਾ ਵਿਟਹੁ ਕੁਰਬਾਣੁ॥
(ਰਾਗ ਸੂਹੀ, ਗੁਰੂ ਨਾਨਕ)

ਅਜ਼ਾਨਾਂ, ਬੰਸਰੀ ਦੇ ਸੁਰ ਅਤੇ ਨਿਰਸਿੰਗੇ **ਦੀ** ਆਵਾਜ਼ ਚੰਗਿਆਈ ਦੀ ਕਲਾਣ ਪੜ੍ਹਦੇ ਹਨ।
ਕੁਝ ਦਾਤੇ ਹਨ ਅਤੇ ਕੁਝ ਭਿਖਾਰੀ ਹਨ ਪਰ ਆਤਮ ਪੜਚੋਲ ਰਾਹੀਂ ਹੀ ਕੁਝ ਪ੍ਰਵਾਨ ਚੜ੍ਹਦੇ ਹਨ।
ਨਾਨਕ ਨੇ ਆਖਿਆ ਕਿ ਮੈਂ ਉਨ੍ਹਾਂ ਤੋਂ ਕੁਰਬਾਨ ਹਾਂ ਜੋ ਸੁਣਦੇ ਹਨ ਅਤੇ ਵਿਵੇਕ ਦੇ ਲੜ੍ਹ ਲਗਦੇ ਹਨ।
(ਰਾਗ ਸੂਹੀ, ਗੁਰੂ ਨਾਨਕ)

**ਦਮਨ ਸਿੰਘ ਭਸੀਨ:** ਗੁਰੂ ਗ੍ਰੰਥ ਸਾਹਿਬ ਵਿੱਚ ਚੋਖੀ ਬਾਣੀ ਫਾਰਸੀ ਵਿੱਚ ਦਰਜ ਹੈ ਜਿਸ ਤੋਂ ਉਨ੍ਹਾਂ ਦੇ ਇਰਾਨ ਆਉਣ ਦੀ ਗਵਾਹੀ ਮਿਲਦੀ ਹੈ। ਇੱਕ ਸ਼ਬਦ 'ਦੁਨੀਆ ਮੁਕਾਮਿ ਫਾਨੀ' ਦਰਸਾਉਂਦਾ ਹੈ ਕਿ ਦੁਨੀਆ ਚੱਲਣਹਾਰ ਹੈ। ਇਸ ਸ਼ਬਦ ਦਾ ਉਚਾਰਨ ਗਵਾਹੀ ਭਰਦਾ ਹੈ ਕਿ ਉਹ ਇਸ ਇਲਾਕੇ ਅਤੇ ਬੋਲੀ ਦੇ ਚੋਖੇ ਜਾਣੂ ਸਨ।

ਗੁਰੂ ਨਾਨਕ ਕਈ ਬੋਲੀਆਂ ਨਾਲ ਸਹਿਜ ਸਨ ਅਤੇ ਮੁਕਾਮੀ ਲੋਕਾਂ ਨਾਲ ਜੁੜਨ ਲਈ ਉਨ੍ਹਾਂ ਦੀਆਂ ਉਪ-ਬੋਲੀਆਂ ਦਾ ਇਸਤੇਮਾਲ ਕਰਦੇ ਸਨ। ਇਰਾਨ ਵਿੱਚ ਉਨ੍ਹਾਂ ਨੇ ਫਾਰਸੀ ਵਿੱਚ ਜੋੜਿਆ ਸ਼ਬਦ ਗਾਇਆ।

ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ॥
ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਵਾਲ॥
ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ॥
ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ॥
(ਰਾਗੁ ਤਿਲੰਗ, ਗੁਰੂ ਨਾਨਕ)

ਮੈਂ ਦਿਨ-ਰਾਤ ਲਾਲਸਾਵਾਂ ਦੀ ਘੁੰਮਣਘੇਰੀ ਵਿੱਚ ਭਟਕਦਾ ਹਾਂ ਅਤੇ ਮੈਨੂੰ ਮਾੜੇ ਖ਼ਿਆਲ ਆਉਂਦੇ ਹਨ।
ਮੈਂ ਨੇਕ ਕਰਮ ਨਹੀਂ ਕਰਦਾ। ਮੇਰੀ ਇਹੋ ਹਾਲਤ ਹੈ।
ਮੈਂ ਬਦਬਖ਼ਤ ਹਾਂ, ਕੰਜੂਸ ਬੇਪਰਵਾਹ ਅਤੇ ਬੇਸ਼ਰਮ ਹਾਂ।
ਨਾਨਕ ਨੇ ਆਖਿਆ ਕਿ ਮੈਂ ਆਪ ਦੇ ਦਰ ਦਾ ਨਿਮਾਣਾ ਸੇਵਕ ਹਾਂ, ਆਪ ਦੇ ਚਾਕਰਾਂ ਦੇ ਚਰਨਾਂ ਦੀ ਧੂੜ ਹਾਂ। ਆਪ ਦੇ ਚਾਕਰਾਂ ਦੇ ਚਰਨਾਂ ਦੀ ਧੂੜ ਹਾਂ।
(ਰਾਗ ਤਿਲੰਗ, ਗੁਰੂ ਨਾਨਕ)

ਖ਼ੁਸ਼ੀ ਦੀ ਭਾਲ ਵਿੱਚ ਮਨੁੱਖ ਲਾਲਚ ਅਤੇ ਮਾੜੀ ਨੀਅਤ ਦਾ ਸ਼ਿਕਾਰ ਹੋ ਜਾਂਦਾ ਹੈ। ਗੁਰੂ ਨਾਨਕ ਹਲੀਮੀ ਨਾਲ ਫ਼ਰਮਾਉਂਦੇ ਹਨ ਕਿ ਉਨ੍ਹਾਂ ਨੂੰ ਇਲਾਹੀ ਝੁਕਾਅ ਰੱਖਣ ਵਾਲਿਆਂ ਦੇ ਚਰਨਾਂ ਵਿੱਚ ਖ਼ੁਸ਼ੀ ਮਿਲਦੀ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਤਹਿਰਾਨ ਤੋਂ ਮਸ਼ਹਦ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਤਹਿਰਾਨ ਤੋਂ ਮਸ਼ਹਦ ਜਾ ਰਹੇ ਹਾਂ।

**ਅਮਰਦੀਪ ਸਿੰਘ:** ਇਬਨ ਬਤੂਤਾ, ਮਾਰਕ ਪੋਲੋ, ਨਾਦਿਰ ਸ਼ਾਹ ਅਤੇ ਅਲੈਗਜੈਂਡਰ ਨੇ ਇਨ੍ਹਾਂ ਇਲਾਕਿਆਂ ਵਿੱਚੋਂ ਸਫ਼ਰ ਕੀਤਾ। ਉਨ੍ਹਾਂ ਦਾ ਮਕਸਦ ਆਪਣੇ ਇਲਾਕਿਆਂ ਜਾਂ ਸੌਦਾਗਰੀ ਦਾ ਪਸਾਰਾ ਕਰਨਾ ਸੀ। ਦੁਨੀਆਂ ਨੇ ਉਨ੍ਹਾਂ ਦੀਆਂ ਕਈ ਕਹਾਣੀਆਂ ਸੁਣੀਆਂ ਹਨ। ਦੁਨੀਆ ਇਨ੍ਹਾਂ ਰਾਹਾਂ ਉੱਤੇ ਗੁਰੂ ਨਾਨਕ ਦੇ ਸਫ਼ਰ ਤੋਂ ਅਣਜਾਣ ਹੈ ਜਦੋਂ ਕਿ ਉਨ੍ਹਾਂ ਦਾ ਮਕਸਦ ਮਨੁੱਖਤਾ ਦਾ ਪਸਾਰਾ ਕਰਨਾ ਅਤੇ ਮਨੁੱਖਤਾ ਦੀ ਏਕਤਾ ਦਾ ਸੁਨੇਹਾ ਦੇਣਾ ਸੀ।

ਮਸ਼ਹਦ ਸ਼ਹਿਰ ਇਰਾਨ ਦੇ ਉੱਤਰੀ-ਪੂਰਬੀ ਇਲਾਕੇ ਵਿੱਚ ਹੈ। ਇਹ ਰਾਜ਼ਾਵੀ ਖੋਰਾਸਾਨ ਸੂਬੇ ਦੀ ਰਾਜਧਾਨੀ ਹੈ ਅਤੇ ਸ਼ੀਆ ਮੁਸਲਮਾਨਾਂ ਲਈ ਮਜ਼ਹਬੀ ਅਹਿਮੀਅਤ ਦਾ ਕੇਂਦਰ ਹੈ। ਅੱਠਵੇਂ ਸ਼ੀਆ ਇਮਾਮ, ਇਮਾਮ ਰਜ਼ਾ ਦੀ ਅੱਠ ਸੌ ਅਠਾਰਾਂ ਈਸਵੀ ਵਿੱਚ ਹੋਈ ਸ਼ਹਾਦਤ ਦੀ ਅਕੀਦਤ ਵਿੱਚ, ਸਾਨਾਬਾਦ ਸ਼ਹਿਰ ਦਾ ਨਾਮ ਬਦਲ ਕੇ ਮਸ਼ਹਦ ਰੱਖਿਆ ਗਿਆ ਜਿਸ ਦਾ ਮਾਅਨਾ ਸ਼ਹਾਦਤ ਦਾ ਅਸਥਾਨ ਹੈ।

ਅਸੀਂ ਮਸ਼ਹਦ ਵਿੱਚ ਇਮਾਮ ਰਜ਼ਾ ਦੀ ਦਰਗਾਹ ਉੱਤੇ ਜਾ ਰਹੇ ਹਾਂ।

'ਭਾਈ ਮਨੀ ਸਿੰਘ ਜਨਮਸਾਖੀ' ਮੁਤਾਬਕ ਗੁਰੂ ਨਾਨਕ ਅਤੇ ਭਾਈ ਮਰਦਾਨਾ ਦੀ ਮਸ਼ਹਦ ਵਿੱਚ ਮੁਲਾਕਾਤ ਪੀਰ ਅਬਦੁਲ ਰਹਿਮਾਨ ਨਾਲ ਹੋਈ ਜੋ ਅਫ਼ਗ਼ਾਨਿਸਤਾਨ ਦੇ ਸ਼ਹਿਰ ਗਰਦੇਜ਼ ਤੋਂ ਜ਼ਿਆਰਤ ਲਈ ਇਸ ਦਰਗਾਹ ਉੱਤੇ ਪਹੁੰਚੇ ਹੋਏ ਸਨ। ਗੁਰੂ ਨਾਨਕ ਦੇ ਮਜ਼ਹਬੀ ਫ਼ਿਰਕੇ ਤੋਂ ਉੱਪਰ ਉੱਠ ਕੇ, ਮਨੁੱਖੀ ਗੁਣਾਂ ਨੂੰ ਅਹਿਮੀਅਤ ਦੇਣ ਵਾਲੇ ਖ਼ਿਆਲਾਤ ਤੋਂ ਮੁਤਾਸਰ ਹੋ ਕੇ ਉਨ੍ਹਾਂ ਦੇ ਮਨ ਵਿੱਚ ਇਹ ਜਾਨਣ ਦੀ ਜਗਿਆਸਾ ਹੋਈ ਕਿ ਸਿਰਫ਼ ਪੈਗੰਬਰ ਮੁਹੰਮਦ ਵਿੱਚ ਅਕੀਦਾ ਰੱਖਣ ਵਾਲੇ ਸੁੰਨੀ ਜ਼ਿਆਦਾ ਵਰੋਸਾਏ ਹੋਏ ਹਨ ਜਾਂ ਪੈਗੰਬਰ ਮੁਹੰਮਦ ਦੇ ਨਾਲ-ਨਾਲ ਹਜ਼ਰਤ ਅਲੀ ਵਿੱਚ ਅਕੀਦਾ ਰੱਖਣ ਵਾਲੇ ਸ਼ੀਆ ਜ਼ਿਆਦਾ ਵਰੋਸਾਏ ਹੋਏ ਹਨ।

ਗੁਰੂ ਨਾਨਕ ਨੇ ਇਸਲਾਮੀ ਨੇਮਾਂ ਦੇ ਹਵਾਲੇ ਨਾਲ ਜੁਆਬ ਦਿੱਤਾ ਕਿ ਸਭ ਬਰਾਬਰ ਹਨ ਕਿਉਂਕਿ ਸਭ ਜੀਆਂ ਵਿੱਚ ਇਲਾਹੀ ਰੌਸ਼ਨ ਹੈ। ਹਰ ਰੂਹ ਦਾ ਆਪਣੇ ਆਲੇ-ਦੁਆਲੇ ਉੱਤੇ ਅਸਰ ਪੈਂਦਾ ਹੈ। ਰੌਸ਼ਨਖ਼ਿਆਲ ਰੂਹਾਂ ਸਾਨੂੰ ਸਾਡੇ ਚੁਣੇ ਇਲਾਹੀ ਰਾਹ ਉੱਤੇ ਅੱਗੇ ਵਧਣ ਲਈ ਅਗਵਾਈ ਕਰਦੀਆਂ ਹਨ।

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ॥
(ਰਾਗ ਮਾਝ, ਗੁਰੂ ਨਾਨਕ)

ਦਿਨ ਵਿੱਚ ਪੰਜ ਨਮਾਜ਼ਾਂ ਪੜ੍ਹੀਆਂ ਜਾਂਦੀਆਂ ਹਨ ਜਿਨ੍ਹਾਂ ਦੇ ਪੰਜ ਨਾਮ ਹਨ।
ਪਹਿਲੀ ਨੂੰ ਸੱਚ, ਦੂਜੀ ਨੂੰ ਹਲਾਲ ਅਤੇ ਤੀਜੀ ਨੂੰ ਬੇਗ਼ਰਜ਼ੀ ਦੀ ਨਮਾਜ਼ ਬਣਾਈਏ।
ਚੌਥੀ ਨੂੰ ਸਰਬਤ ਦਾ ਭਲਾ ਅਤੇ ਪੰਜਵੀਂ ਨੂੰ ਵਹਿਦਤ ਦੀ ਸਿਫ਼ਤ ਸਲਾਹ ਦੀ ਨਮਾਜ਼ ਬਣਾਈਏ।
ਨੇਕ ਕਰਮਾਂ ਦਾ ਕਲਮਾਂ ਪੜ੍ਹੀਏ ਅਤੇ ਮੁਸਲਮਾਨ ਸਦਾਈਏ।
ਨਾਨਕ ਨੇ ਆਖਿਆ ਕਿ ਕੂੜ ਦੀ ਕਮਾਈ ਕਰਨ ਵਾਲੇ ਕੂੜ ਹੀ ਪਾਉਂਦੇ ਹਨ।
(ਰਾਗ ਮਾਝ, ਗੁਰੂ ਨਾਨਕ)

ਗੁਰੂ ਨਾਨਕ ਦਾ ਸੁਨੇਹਾ ਸੀ ਕਿ ਇਸਲਾਮ ਨੂੰ ਮੰਨਣ ਵਾਲੇ ਪੰਜ ਨਮਾਜ਼ਾਂ ਪੜ੍ਹਦੇ ਹਨ ਪਰ ਸੱਚੇ ਯਕੀਨ ਵਾਲਾ ਦੀਨਦਾਰ ਮੁਸਲਮਾਨ ਆਪਣੇ ਮੁਰਸ਼ਦ ਦੀ ਅਕੀਦਤ ਅਤੇ ਇੱਜ਼ਤ ਕਰਦਾ ਹੈ। ਉਹ ਇਮਾਨਦਾਰੀ, ਰਹਿਮਦਿਲੀ, ਏਕਤਾ, ਹਲੀਮੀ ਅਤੇ ਸੋਚ-ਵਿਚਾਰ ਦੇ ਪੰਜ ਅਮਲਾਂ ਨੂੰ ਆਪਣੇ ਮਨ ਵਿੱਚ ਵਸਾਉਂਦਾ ਹੈ।

ਇਤਿਹਾਸਕ ਤੌਰ ਉੱਤੇ ਇਰਾਨ ਦੀ ਅਮੀਰ ਤਹਿਜ਼ੀਬ ਦੂਜਿਆਂ ਇਲਾਕਿਆਂ ਲਈ ਪ੍ਰੇਰਨਾ ਅਤੇ ਪ੍ਰਭਾਵ ਦਾ ਸੋਮਾ ਰਹੀ ਹੈ।

**ਡਾ. ਬੀਜਾਨ ਰੇਜ਼ਾ ਵਾਲਾ:** ਮੈਂ ਇਰਾਨੀ ਹਾਂ ਅਤੇ ਮੈਨੂੰ ਇੰਡੀਆ ਵਿੱਚ ਕਈ ਸਾਲ ਰਹਿਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਸਾਲਾਂ ਦੌਰਾਨ ਮੈਨੂ ਕਈ ਮਜ਼ਹਬਾਂ ਦੀ ਸਿੱਖਿਆਵਾਂ ਨੂੰ ਸਮਝਣ ਦਾ ਮੌਕਾ ਮਿਲਿਆ। ਇਨ੍ਹਾਂ ਵਿੱਚੋਂ

ਮੈਨੂ ਸਿੱਖ ਫਲਸਫਾ ਬਹੁਤ ਪ੍ਰਭਾਵਸ਼ਾਲੀ ਲਗਯਾ। ਗੁਰੂ ਨਾਨਕ ਦੇ ਸ਼ਬਦਾਂ ਦੀ ਇਹ ਖ਼ੂਬਸੂਰਤੀ ਹੈ ਕਿ ਉਨ੍ਹਾਂ ਨੇ ਆਪਣੀਆਂ ਸਿੱਖਿਆਵਾਂ ਨੂੰ ਫਾਰਸੀ ਨਾਲ ਵੀ ਸਜਾਇਆ ਜਿਸ ਦੀ ਮੈਂ ਬਹੁਤ ਕਦਰ ਕਰਦਾ ਹਾਂ।

ਮੌਜੂਦਾ ਆਲਮੀ ਸਿਆਸਤ ਨੇ ਇਸ ਮੁਲਕ ਨੂੰ ਕੌਮਾਂਤਰੀ ਪੱਧਰ ਉੱਤੇ ਅਲਹਿਦਾ ਕਰ ਦਿੱਤਾ ਹੈ। ਇਸ ਹਾਲਾਤ ਨੂੰ ਵੇਖ ਕੇ ਮੈਨੂੰ ਗੁਰੂ ਨਾਨਕ ਦਾ ਸੁਨੇਹਾ ਯਾਦ ਆਉਂਦਾ ਹੈ ਕਿ ਹਉਮੈਂ ਦੇ ਵਾਅ-ਵਰੋਲੇ ਵਿੱਚ ਫਸਿਆ ਮਨੁੱਖਾ ਮਨ ਇਹ ਨਿਖੇੜਾ ਨਹੀਂ ਕਰ ਸਕਦਾ ਕਿ ਕਿਹੜੇ ਲੱਛਣ ਸਮਾਜ ਲਈ ਫਾਇਦੇਮੰਦ ਹਨ ਅਤੇ ਕਿਹੜੇ ਨੁਕਸਾਨਦੇਹ ਹਨ।

ਚੰਗਾ ਮੰਦਾ ਕਿਛੁ ਸੂਝੈ ਨਾਹੀ ਇਹੁ ਤਨੁ ਏਵੈ ਖੋਵੈ॥
(ਰਾਗ ਵਡਹੰਸੁ, ਗੁਰੂ ਨਾਨਕ)

ਚੰਗੇ ਅਤੇ ਮੰਦੇ ਵਿੱਚ  ਫਰਕ ਨਾ ਸਮਝਦੇ ਹੋਏ ਉਹ ਜ਼ਿੰਦਗੀ ਅਜਾਈ ਗੁਆਉਂਦੇ ਹਨ।
(ਰਾਗ ਵਡਹੰਸ, ਗੁਰੂ ਨਾਨਕ)

# ਚਰਚਾ ਲਈ ਕੁਝ ਨੁਕਤੇ

## ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

### ਐਪੀਸੋਡ ੨੧: ਵਹਿਦਤ-ਅਲ-ਵਜੂਦ (ਹਸਤੀ ਦਾ ਏਕਾ)

ਚਰਚਾ ਨਾਲ ਸੰਬੰਧਿਤ ਇਹ ਨੁਕਤੇ ਗੁਰੂ ਨਾਨਕ ਦੀਆਂ ਯਾਤਰਾਵਾਂ ਜੋ ਮੁਖਤੌਰ 'ਤੇ ਇਸਲਾਮੀ ਖੇਤਰ ਵਿੱਚ ਹੋਈਆਂ, ਬਾਰੇ ਇਤਿਹਾਸਕ ਅਤੇ ਦਾਰਸ਼ਨਿਕ ਪਹਿਲੂਆਂ ਦੀ ਜਾਂਚ ਕਰਨ ਲਈ ਇਕ ਢਾਂਚਾ ਪ੍ਰਦਾਨ ਕਰਦੇ ਹਨ। ਧਾਰਮਿਕ ਆਗੂਆਂ ਨਾਲ ਕੀਤੀਆਂ ਮੁਲਾਕਾਤਾਂ, ਅਤੇ ਸੰਪ੍ਰਦਾਇਕ ਤਣਾਅ ਵਿਚਕਾਰ ਦਿੱਤੇ ਏਕਤਾ ਦੇ ਪੈਗਾਮ ਤੋਂ ਅਸੀਂ ਇਹ ਸਮਝ ਸਕਦੇ ਹਾਂ ਕਿ ਲੋਕਾਂ ਵਿਚ ਆਲੋਚਨਾਤਮਕ ਸੋਚ ਪੈਦਾ ਕਰਨ ਲਈ ਉਨ੍ਹਾਂ ਨੇ ਕਿਹੜੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ। ਦਾਰਸ਼ਨਿਕ ਪ੍ਰਸ਼ਨ ਗੁਰੂ ਨਾਨਕ ਦੁਆਰਾ ਪੈਦਾ ਕੀਤੀ ਰੂਹਾਨੀ ਕ੍ਰਾਂਤੀ ਨੂੰ ਉਜਾਗਰ ਕਰਦੇ ਹਨ, ਜਿਨ੍ਹਾਂ ਨੇ ਕਰਮਕਾਂਡਾਂ ਦੀ ਥਾਂ ਨੈਤਿਕ ਜੀਵਨ ਅਤੇ ਬਾਹਰੀ ਧਾਰਮਿਕਤਾ ਦੀ ਥਾਂ ਪ੍ਰਮਾਣਿਕਤਾ ਨੂੰ ਤਰਜੀਹ ਦਿੱਤੀ। ਇਹ ਉਸ ਸਮੇਂ ਦੇ ਧਾਰਮਿਕ ਸੰਘਰਸ਼ ਦੌਰਾਨ ਉਨ੍ਹਾਂ ਦੁਆਰਾ ਅਪਣਾਏ ਅੰਤਰਧਾਰਮਿਕ ਸੰਵਾਦ ਦੇ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ। ਜਿਵੇਂ ਕਿ ਐਪੀਸੋਡ ਵਿਚ ਉਲੇਖ ਕੀਤਾ ਗਿਆ ਹੈ, ਗੁਰੂ ਨਾਨਕ ਦਾ ਦ੍ਰਿਸ਼ਟੀਕੋਣ ਮਨੁੱਖਤਾ ਅਤੇ ਇਕਤਾ ਦੇ ਪ੍ਰਸਾਰ 'ਤੇ ਕੇਂਦਰਤ ਸੀ। ਆਮ ਲੋਕਾਂ ਦੇ ਉਲਟ ਜੋ ਧਰਾਤਲੀ ਵਾਧੇ ਜਾਂ ਵਪਾਰ ਲਈ ਯਾਤਰਾਵਾਂ ਕਰਦੇ ਸਨ, ਉਨ੍ਹਾਂ ਦੀਆਂ ਉਦਾਸੀਆਂ ਦਾ ਉਦੇਸ਼ ਦੈਵੀ ਸੀ। ਇਨ੍ਹਾਂ ਯਾਤਰਾਵਾਂ ਦੀ ਇਤਿਹਾਸਕ ਪਿਠਭੂਮੀ ਅਤੇ ਦਾਰਸ਼ਨਿਕ ਸਮੱਗਰੀ ਦੀ ਪੜਚੋਲ ਕਰਕੇ, ਅਸੀਂ ਅੱਜ ਇਸ ਵੰਡੀ ਹੋਈ ਦੁਨੀਆ ਵਿਚ ਗੁਰੂ ਨਾਨਕ ਦੇ ਸੁਨੇਹੇ ਦੀ ਸਥਾਈ ਪ੍ਰਾਸੰਗਿਕਤਾ ਦੀ ਸਲਾਹਣਾ ਕਰ ਸਕਦੇ ਹਾਂ।

## ਇਤਿਹਾਸਕ ਚਰਚਾ ਨੁਕਤੇ:

੧. ਗੁਰੂ ਨਾਨਕ ਦੁਆਰਾ ਇਸਲਾਮ ਦੇ ਮੁਖ ਕੇਂਦਰਾਂ ਉਪਰ ਕੀਤੀ ਯਾਤਰਾ ਦੀ ਕੀ ਮਹੱਤਤਾ ਹੈ?
   ਐਪੀਸੋਡ ਵਿਚ ਗੁਰੂ ਨਾਨਕ ਅਤੇ ਭਾਈ ਮਰਦਾਨਾ ਦੀ ਸੋਮਿਆਨੀ ਤੋਂ ਅਲ-ਅਸਵਾਤ, ਮੱਕਾ, ਮਦੀਨਾ, ਨਜਫ਼, ਕਰਬਲਾ, ਬਗ਼ਦਾਦ, ਤਬਰੀਜ਼, ਤੇਹਰਾਨ ਅਤੇ ਮਸ਼ਹਦ ਤੱਕ ਦੀ ਵਿਸਥਾਰਪੂਰਵਕ ਯਾਤਰਾ ਦਾ ਵਰਣਨ ਕੀਤਾ ਗਿਆ ਹੈ। ਇਸ ਭਾਗ ਵਿਚ ਉਲਲੇਖ ਹੈ ਕਿ ਜਦੋਂ ਗੁਰੂ ਨਾਨਕ ਬਗ਼ਦਾਦ ਪਹੁੰਚੇ ਤਾਂ ਉਹ ਸ਼ਹਿਰ ਫਾਰਸੀ ਸਾਮਰਾਜ ਦਾ ਹਿੱਸਾ ਸੀ ਅਤੇ ਉਸ ਵੇਲੇ

ਈਰਾਨੀ ਸ਼ੀਆ ਸ਼ਾਸਕ, ਸਫਵੀ ਵੰਸ਼ ਦੇ ਸ਼ਾਹ ਇਸਮਾਈਲ ਦੇ ਅਧੀਨ ਸੀ। ਇਸਲਾਮੀ ਇਤਿਹਾਸ ਵਿਚ ਇਹ ਸਮਾਂ ਅਸ਼ਾਂਤ ਮੰਨਿਆ ਜਾਂਦਾ ਹੈ ਕਿਉਂਕਿ ਸ਼ੀਆ ਅਤੇ ਸੁੰਨੀ ਮੁਸਲਮਾਨਾਂ ਵਿੱਚ ਟਕਰਾ ਵਧ ਗਿਆ ਸੀ। ਹਰ ਸੰਪ੍ਰਦਾਇ ਆਪਣੀ ਧਾਰਮਿਕ ਅਤੇ ਰਾਜਨੀਤਿਕ ਸੱਤਾ ਸਥਾਪਤ ਕਰਨੀ ਦੀ ਜ਼ਦੋ ਜਾਹਿਦ ਵਿਚ ਸੀ। ਗੁਰੂ ਨਾਨਕ ਦੀਆਂ ਯਾਤਰਾਵਾਂ ਨੇ ਕਿਸ ਵਿਧੀ ਰਾਹੀਂ ਧਾਰਮਿਕ ਸੰਵਾਦ ਦੇ ਮੌਕੇ ਪੈਦਾ ਕੀਤੇ, ਜਿਸ ਨਾਲ ਵੰਡ ਅਤੇ ਟਕਰਾਅ ਦੀ ਸਥੀਤੀ ਵਿਚ ਵੀ ਸੂਝ ਅਤੇ ਸਥਿਰਤਾ ਨੂੰ ਕਾਇਮ ਰੱਖਿਆ?

੨. ਗੁਰੂ ਨਾਨਕ ਨੇ ਆਪਣੀਆਂ ਯਾਤਰਾਵਾਂ ਦੌਰਾਨ ਧਾਰਮਿਕ ਪਾਬੰਦੀਆਂ ਅਤੇ ਹੱਦਬੰਦੀਆਂ ਦਾ ਸਾਹਮਣਾ ਕਿਵੇਂ ਕੀਤਾ?

ਐਪੀਸੋਡ ਇਸ ਤੱਥ ਨੂੰ ਜ਼ਾਹਿਰ ਕਰਦਾ ਹੈ ਕਿ ਧਾਰਮਿਕ ਅਲਹਿਦਗੀ ਇਕ ਸਮਾਜਿਕ ਵਰਤਾਰਾ ਹੈ ਜਿਸ ਵਿਚ ਕਿਸੇ ਇਕ ਧਰਮ ਦਾ ਵਿਅਕਤੀ ਕਿਸੇ ਦੂਸਰੇ ਧਰਮ ਵਾਲੇ ਦੇ ਪੂਜਾ ਸਥਾਨਾਂ 'ਚ ਦਾਖਲ ਨਹੀਂ ਹੋ ਸਕਦਾ। ਫਿਰ ਵੀ, ਇਹ ਗੱਲ ਉਲੇਖਣਯੋਗ ਹੈ ਕਿ ਦੈਵੀ ਏਕਤਾ ਦੇ ਪ੍ਰਤੀਕ ਗੁਰੂ ਨਾਨਕ ਧਾਰਮਿਕ ਹੱਦਬੰਦੀਆਂ ਤੋਂ ਉਪਰ ਸਨ। ਉਨ੍ਹਾਂ ਨੇ ਆਪਣੇ ਆਪ ਨੂੰ ਕਿਸੇ ਇਕ ਸੰਪ੍ਰਦਾਇ ਨਾਲ ਨਹੀਂ ਜੋੜਿਆ ਅਤੇ ਸੋਚ ਸਮਝ ਕੇ ਐਸਾ ਪਹਿਰਾਵਾ ਧਾਰਨ ਕੀਤਾ ਜੋ ਉਨ੍ਹਾਂ ਨੂੰ ਸਥਾਨਕ ਲੋਕਾਂ ਵਿੱਚ ਰਲ ਜਾਣ ਦੇਂਦਾ ਸੀ। ਸੱਭਿਆਚਾਰਕ ਸਮੀਕਰਨ ਲਈ ਇਹ ਰਣਨੀਤਕ ਪਹੁੰਚ ਗੁਰੂ ਨਾਨਕ ਦੇ ਦ੍ਰਿਸ਼ਟੀਕੋਣ ਅਤੇ ਏਕਤਾ ਦੇ ਸੰਦੇਸ਼ ਨੂੰ ਫੈਲਾਉਣ ਲਈ ਧਾਰਮਿਕ ਸੀਮਾਵਾਂ ਨੂੰ ਪਾਰ ਕਰਨ ਦੇ ਦ੍ਰਿੜ ਇਰਾਦੇ ਬਾਰੇ ਕੀ ਪ੍ਰਗਟ ਕਰਦੀ ਹੈ?

੩. ਗੁਰੂ ਨਾਨਕ ਦੀਆਂ ਮੁਲਾਕਾਤਾਂ ਆਪਣੇ ਸਮੇਂ ਦੇ ਕਿਹੜੇ ਇਸਲਾਮਿਕ ਵਿਦਵਾਨਾਂ ਅਤੇ ਰੂਹਾਨੀ ਆਗੂਆਂ ਨਾਲ ਹੋਈਆਂ?

ਆਪਣੀ ਯਾਤਰਾ ਦੌਰਾਨ, ਗੁਰੂ ਨਾਨਕ ਨੇ ਕਈ ਧਾਰਮਿਕ ਆਗੂਆਂ ਨਾਲ ਵਾਰਤਾਲਾਪ ਕੀਤੀ। ਮੱਕਾ ਵਿੱਚ ਉਨ੍ਹਾਂ ਨੇ 'ਸ਼ਰੀਅਤ' ਦੇ ਜੱਜ, ਕਾਜ਼ੀ ਰੁਕਨ-ਉਦ-ਦੀਨ ਨਾਲ ਗੰਭੀਰ ਵਿਚਾਰ ਵਿਟਾਂਦਰਾ ਕੀਤਾ। ਬਗ਼ਦਾਦ ਵਿਚ ਉਨ੍ਹਾਂ ਨੇ ਪੀਰ ਅਬਦੁਲ ਰਹਿਮਾਨ, 'ਪੀਰ ਦਸਤਗੀਰ' ਅਤੇ ਫਕੀਰ ਬਹਿਲੋਲ ਨਾਲ ਮੁਲਾਕਾਤ ਕੀਤੀ, ਜੋ ਬਹਿਲੋਲ ਦਾਨਾ ਦੇ ਰੂਹਾਨੀ ਉਤਰਾਧਿਕਾਰੀ ਸਨ। ਇਹ ਮੁਲਾਕਾਤਾਂ ਗੁਰੂ ਨਾਨਕ ਦੇ ਅੰਤਰਧਾਰਮਿਕ ਵਾਰਤਾਲਾਪ ਦੇ ਦ੍ਰਿਸ਼ਟੀਕੋਣ ਨੂੰ ਕਿਵੇਂ

ਦਰਸਾਉਂਦੀਆਂ ਹਨ, ਅਤੇ ਇਹਨਾਂ ਸੰਵਾਦ ਜੁਗਤਾਂ ਨੇ ਗੁਰੂ ਨਾਨਕ ਅਤੇ ਉਨ੍ਹਾਂ ਨਾਲ ਗੋਸ਼ਟਿ ਰਚਾਉਣ ਵਾਲਿਆਂ ਉਪਰ ਕੀ ਪ੍ਰਭਾਵ ਪਾਇਆ ਹੋਵੇਗਾ?

੪. ਕੀ ਗੁਰੂ ਨਾਨਕ ਦੀ ਯਾਤਰਾ ਨਾਲ ਸੰਬੰਧਿਤ ਸਥਾਨਾਂ ਦੇ ਚਿੰਨ੍ਹ ਸਮੇਂ ਦੇ ਨਾਲ ਸੁਰੱਖਿਅਤ ਰਹੇ ਹਨ, ਜਾਂ ਉਹ ਨਸ਼ਟ ਹੋ ਗਏ ਹਨ?
ਐਪੀਸੋਡ ਵਿਚ ਗੁਰੂ ਨਾਨਕ ਦੀਆਂ ਯਾਤਰਾਵਾਂ ਨਾਲ ਜੁੜੇ ਭੌਤਿਕ ਚਿੰਨ੍ਹਾਂ ਦੇ ਵੱਖ-ਵੱਖ ਨਤੀਜਿਆਂ ਦੀ ਜਾਂਚ ਕੀਤੀ ਗਈ ਹੈ। ਬਗ਼ਦਾਦ ਵਿਚ, ਵੀਹਵੀਂ ਸਦੀ ਦੀ ਸ਼ੁਰੂਆਤ ਵਿਚ ਉੱਥੇ ਤਾਇਨਾਤ ਬ੍ਰਿਟਿਸ਼ ਭਾਰਤੀ ਫੌਜ ਦੇ ਪੰਜਾਬੀ ਸਿਪਾਹੀਆਂ ਨੇ ਫਕੀਰ ਬਹਿਲੋਲ ਦੀ ਮਜ਼ਾਰ ਦੇ ਕੋਲ ਗੁਰੂ ਨਾਨਕ ਦੀ ਯਾਤਰਾ ਦੀ ਯਾਦ ਵਿਚ ਇਕ ਸਮਾਰਕ ਬਣਾਇਆ। ਭਾਵੇਂ, ਇਰਾਕ ਵਿਚ ਰਾਜਨੀਤਿਕ ਅਸ਼ਾਂਤੀ ਕਾਰਨ ਕਈ ਪਰਵਾਸੀ ਦੇਸ਼ ਛੱਡ ਗਏ, ਜਿਸ ਕਾਰਨ ੨੦੦੩ ਦੇ ਇਰਾਕ ਯੁੱਧ ਦੌਰਾਨ ਇਹ ਗੁਰਦੁਆਰਾ ਨਸ਼ਟ ਹੋ ਗਿਆ। ਇਸ ਦੇ ਉਲਟ, ਤੇਹਰਾਨ ਵਿਚ ੧੯੪੧ ਵਿਚ ਸਥਾਪਿਤ ਇਕ ਗੁਰਦੁਆਰਾ ਅੱਜ ਵੀ ਮੌਜੂਦ ਹੈ। ਤੇਹਰਾਨ ਅਤੇ ਜਾਹੇਦਾਨ ਵਿਚ ਸਿੱਖ ਆਬਾਦੀ ਹਾਲੀਆ ਰਾਜਨੀਤਿਕ ਚੁਣੌਤੀਆਂ ਕਾਰਨ ਘਟ ਕੇ ਸਿਰਫ ਕੁਝ ਸੈਂਕੜੇ ਹੀ ਰਹਿ ਗਈ ਹੈ। ਰਾਜਨੀਤਿਕ ਅਸਥਿਰਤਾ ਵਾਲੇ ਖੇਤਰਾਂ ਵਿਚ ਅੰਤਰ-ਧਾਰਮਿਕ ਵਿਰਾਸਤ ਨੂੰ ਬਣਾਈ ਰੱਖਣ ਦੀਆਂ ਚੁਣੌਤੀਆਂ ਬਾਰੇ ਇਨ੍ਹਾਂ ਥਾਵਾਂ ਦੀ ਸਾਂਭ-ਸੰਭਾਲ ਜਾਂ ਵਿਨਾਸ਼ ਸਾਨੂੰ ਕੀ ਦੱਸਦਾ ਹੈ?

## ਦਾਰਸ਼ਨਿਕ ਚਰਚਾ ਨੁਕਤੇ:

੧. "ਵਹਿਦਤ-ਅਲ-ਵਜੂਦ" ਦੇ ਸੰਕਲਪ ਅਤੇ ਗੁਰੂ ਨਾਨਕ ਦੁਆਰਾ ਸਥਾਪਿਤ ਹੋਂਦ ਦੀ ਏਕਤਾ ਦੇ ਦ੍ਰਿਸ਼ਟੀਕੋਣ, ਪਰੰਪਰਾਗਤ ਧਰਮਾਂ ਦੀਆਂ ਸੀਮਾਵਾਂ ਨੂੰ ਕਿਵੇਂ ਚੁਣੌਤੀ ਦਿੰਦੇ ਹਨ?
ਇਹ ਐਪੀਸੋਡ 'ਵਹਿਦਤ-ਅਲ-ਵਜੂਦ (ਹੋਂਦ ਦੀ ਏਕਤਾ)' ਦੇ ਸੰਕਲਪ ਨਾਲ ਸ਼ੁਰੂ ਹੁੰਦਾ ਹੈ, ਜੋ ਵੱਖ-ਵੱਖ ਦ੍ਰਿਸ਼ਟੀਕੋਣਾਂ ਨੂੰ ਮੇਲਣ ਵਾਲਿਆਂ ਦੁਆਰਾ ਰੱਖੀ ਗਈ ਸੰਪੂਰਨਤਾ ਦੀ ਨੀਂਹ ਵਿਚਲੇ ਦ੍ਰਿੜ ਵਿਸ਼ਵਾਸ ਨੂੰ ਦਰਸਾਉਂਦਾ ਹੈ। ਆਪਣੀ ਯਾਤਰਾ ਦੌਰਾਨ, ਗੁਰੂ ਨਾਨਕ ਨੇ ਏਕਤਾ ਦੇ ਇਸ ਦਰਸ਼ਨ 'ਤੇ ਲਗਾਤਾਰ ਜ਼ੋਰ ਦਿੱਤਾ। ਜਦੋਂ ਮੱਕਾ ਵਿੱਚ ਉਨ੍ਹਾਂ ਦੇ ਧਾਰਮਿਕ ਪਿਛੋਕੜ ਬਾਰੇ ਪੁੱਛਿਆ ਗਿਆ, ਤਾਂ ਗੁਰੂ ਨਾਨਕ ਨੇ ਜਵਾਬ ਦਿੱਤਾ ਕਿ ਇਕ ਸੱਚਾ ਸ਼ਰਧਾਲੂ ਜਾਤ, ਧਰਮ ਜਾਂ ਰੁਤਬੇ ਤੋਂ

ਅਛੂਤ ਰਹਿੰਦਾ ਹੈ। ਏਕਤਾ ਦਾ ਇਹ ਦਰਸ਼ਨ ਧਾਰਮਿਕ ਵਿਲੱਖਣਤਾ ਨੂੰ ਸਿੱਧੇ ਤੌਰ 'ਤੇ ਕਿਵੇਂ ਚੁਣੌਤੀ ਦਿੰਦਾ ਹੈ, ਅਤੇ ਅੱਜ ਅੰਤਰ-ਧਰਮ ਸਬੰਧਾਂ ਉਪਰ ਇਸਦਾ ਕੀ ਅਸਰ ਪੈਂਦਾ ਹੈ?

੨. ਮੱਕਾ ਨਾਲ ਸੰਬੰਧਿਤ ਸਾਖੀ ਜੋ ਬ੍ਰਿਤਾਂਤ ਪੇਸ਼ ਕਰਦੀ ਹੈ, ਕੀ ਅਸਲ ਵਿਚ ਮਕੇ ਨੇ ਆਪਣੀ ਸਥਿਤੀ ਬਦਲੀ ਹੋਵੇਗੀ?

ਐਪੀਸੋਡ ਇਕ ਰੂਪਾਂਤਮਕ ਬ੍ਰਿਤਾਂਤ ਪੇਸ਼ ਕਰਦਾ ਹੈ ਕਿ ਮੱਕਾ ਵਿੱਚ ਰਹਿੰਦੇ ਹੋਏ, ਗੁਰੂ ਨਾਨਕ ਅਤੇ ਭਾਈ ਮਰਦਾਨਾ ਨੂੰ ਜੀਵਣ ਨਾਂ ਦੇ ਇੱਕ ਹਾਜੀ ਨੇ ਜਗਾਇਆ ਅਤੇ ਕਾਬਾ ਵਾਲੀ ਦਿਸ਼ਾ ਵਿੱਚ ਪੈਰ ਕਰਕੇ ਸੋਣ 'ਤੇ ਨਰਾਜ਼ਗੀ ਪ੍ਰਗਟ ਕੀਤੀ, ਕਿਉਂਕਿ ਇਹ ਇਕ ਅਪਮਾਨਜਨਕ ਵਰਤਾਰਾ ਮੰਨਿਆ ਜਾਂਦਾ ਹੈ। ਗੁਰੂ ਨਾਨਕ ਨੇ ਉੱਤਰ ਵਿਚ 'ਅਲ-ਵਾਸਾ' ਦੇ ਇਸਲਾਮੀ ਫ਼ਲਸਫ਼ੇ ਦਾ ਹਵਾਲਾ ਦਿੱਤਾ, ਜਿਸਦਾ ਅਰਥ ਹੈ ਕਿ ਰੱਬ ਹਰ ਪਾਸੇ ਮੌਜੂਦ ਹੈ। ਜਦ ਜੀਵਣ ਨੇ ਗੁੱਸੇ ਵਿੱਚ ਗੁਰੂ ਨਾਨਕ ਦੇ ਪੈਰ ਘੁਮਾਏ, ਤਾਂ ਪੈਰਾਂ ਦੀ ਦਿਸ਼ਾ ਦੇ ਨਾਲ-ਨਾਲ ਕਾਬਾ ਵੀ ਚਮਤਕਾਰਿਕ ਢੰਗ ਨਾਲ ਉਸ ਪਾਸੇ ਨੂੰ ਘੁੰਮ ਗਿਆ। ਇਹ ਬ੍ਰਿਤਾਂਤ ਸੂਫੀ ਸੰਤ ਹਜ਼ਰਤ ਰਾਬੀਆ ਅਲ-ਬਸਰੀ ਨਾਲ ਜੁੜੇ ਇੱਕ ਮਿਲਦੇ-ਜੁਲਦੇ ਵਾਕਿਆ ਦੇ ਸਮਨਾਂਤਰ ਹੈ। ਇਹ ਬ੍ਰਿਤਾਂਤ ਇਹ ਸਵਾਲ ਉਠਾਉਂਦਾ ਹੈ: ਕੀ ਇੱਕ ਚੱਲਦੇ ਕਾਬੇ ਦੀ ਧਾਰਨਾ ਰੱਬ ਦੀ ਸਰਬਵਿਆਪਕਤਾ ਪ੍ਰਤੀ ਸਾਡੀ ਸੂਝ ਨੂੰ ਕਿਵੇਂ ਚੁਣੌਤੀ ਦਿੰਦੀ ਹੈ? ਇਸ ਤੋਂ ਇਲਾਵਾ, ਇਹ ਵਿਚਾਰ ਧਾਰਮਿਕ ਕਿਰਿਆਵਾਂ ਪ੍ਰਤੀ ਸਾਡੀ ਪਹੁੰਚ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ?

੩. ਗੁਰੂ ਨਾਨਕ ਦੁਆਰਾ ਕਰਮਕਾਂਡਾਂ ਨਾਲੋਂ ਨੈਤਿਕ ਜੀਵਨ ਨੂੰ ਤਰਜੀਹ ਦੇਣ ਦਾ ਕੀ ਮਹੱਤਵ ਹੈ?

ਕਾਜ਼ੀ ਰੁਕਨ-ਉਦ-ਦੀਨ ਵਲੋਂ ਇਸਲਾਮੀ ਰਸਮਾਂ ਨੂੰ ਧਾਰਨ ਕਰਨ ਲਈ ਦਿੱਤੇ ਸੱਦੇ ਦੇ ਸੰਬੰਧ ਵਿਚ, ਗੁਰੂ ਨਾਨਕ ਨੇ ਇਕ ਸਬਦ ਗਾਇਆ ਜਿਸ ਵਿਚ ਉਨ੍ਹਾਂ ਨੇ ਦਇਆ ਨੂੰ ਮਸੀਤ, ਵਿਸ਼ਵਾਸ ਨੂੰ ਨਮਾਜ਼ ਅਦਾ ਕਰਨ ਵਾਲੀ ਵਛਾਈ ਅਤੇ ਇਮਾਨਦਾਰ ਜੀਵਨ ਨੂੰ ਕੁਰਾਨ ਦੱਸਿਆ। ਉਨ੍ਹਾਂ ਨੇ ਸ਼ਰਮ ਨੂੰ ਖਤਨਾ ਅਤੇ ਸਦਾਚਾਰ ਨੂੰ ਰੋਜ਼ਾ ਮੰਨਿਆ। ਉਨ੍ਹਾਂ ਦੇ ਅਨੁਸਾਰ, ਇਹ ਮੁਸਲਮਾਨ ਹੋਣ ਦੇ ਜ਼ਰੂਰੀ ਗੁਣ ਹਨ। ਇਸ ਤਰ੍ਹਾਂ, ਪੰਜ ਇਸਲਾਮੀ ਨਮਾਜ਼ਾਂ ਦੇ ਸੰਦਰਭ ਵਿਚ, ਗੁਰੂ ਨਾਨਕ ਨੇ ਪੰਜ ਰੂਹਾਨੀ ਗੁਣਾਂ ਦੀ ਸਿਫਾਰਿਸ਼ ਕੀਤੀ: ਪਹਿਲਾ – ਇਮਾਨਦਾਰੀ; ਦੂਜਾ - ਧਾਰਮਿਕਤਾ;

ਤੀਜਾ - ਪਰਉਪਕਾਰ; ਚੌਥਾ – ਸਭ ਲਈ ਨੇਕ ਇੱਛਾ ਦਾ ਭਾਵ; ਅਤੇ ਪੰਜਵਾਂ – ਰੱਬੀ ਇਕਤਾ ਨੂੰ ਸਵੀਕਾਰ ਕਰਨਾ। ਇਹ ਨੈਤਿਕ ਜੀਵਨ 'ਤੇ ਜ਼ੋਰ ਕਿਵੇਂ ਇਕ ਇਨਕਲਾਬੀ ਰੂਹਾਨੀ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ, ਅਤੇ ਇਹ ਸਥਾਪਿਤ ਧਾਰਮਿਕ ਆਗੂਆਂ ਅਤੇ ਵਿਸ਼ਵਾਸ ਦੀਆਂ ਪਰਿਭਾਸ਼ਾਵਾਂ ਲਈ ਕੀ ਚੁਣੌਤੀਆਂ ਪੈਦਾ ਕਰਦਾ ਹੈ?

੪. ਗੁਰੂ ਨਾਨਕ ਦੁਆਰਾ ਨਿਮਰਤਾ ਅਤੇ ਆਤਮ-ਚਿੰਤਨ ਬਾਰੇ ਦਰਸ਼ਨ ਧਾਰਮਿਕ ਕੱਟੜਤਾ ਤੋਂ ਕਿਵੇਂ ਭਿੰਨ ਹੈ?
ਐਪੀਸੋਡ ਵਿਚ ਗੁਰੂ ਨਾਨਕ ਨਿਮਰਤਾ ਦੇ ਮਹੱਤਵ 'ਤੇ ਲਗਾਤਾਰ ਜ਼ੋਰ ਦਿੰਦੇ ਹਨ। ਇਕ ਸਬਦ ਵਿਚ ਉਹ ਸਮਝਾਉਂਦੇ ਹਨ ਕਿ ਸਿਰਫ ਸੱਚੀ ਨਿਮਰਤਾ ਰਾਹੀਂ ਹੀ ਕੋਈ ਰਚਨਹਾਰ ਦੇ ਮਹਾਨ ਗੁਣਾਂ ਨੂੰ ਸਮਝ ਸਕਦਾ ਹੈ। ਉਹ ਉਨ੍ਹਾਂ ਲੋਕਾਂ ਦੀ ਆਲੋਚਨਾ ਕਰਦੇ ਹਨ ਜੋ ਬਾਹਰੋਂ ਤਾਂ ਪਵਿੱਤਰ ਲੱਗਦੇ ਹਨ ਪਰ ਉਨ੍ਹਾਂ ਦੇ ਕਰਮ ਉਲਟ ਹੁੰਦੇ ਹਨ; ਅਜਿਹੇ ਲੋਕ ਆਪਣੇ ਆਪ ਨੂੰ ਸੱਚੀਆਂ ਰੂਹਾਨੀ ਰੂਹਾਂ ਦੇ ਸਮਾਨ ਸਮਝਦੇ ਹਨ, ਪਰ ਉਨ੍ਹਾਂ ਦਾ ਮਨ ਅਸ਼ੁੱਧ ਰਹਿੰਦਾ ਹੈ। ਇਹ ਸੱਚੀ ਨਿਮਰਤਾ ਅਤੇ ਆਤਮ-ਚਿੰਤਨ ਬਾਰੇ ਧਿਆਨ ਕਿਵੇਂ ਧਾਰਮਿਕ ਰੂੜੀਵਾਦ ਨੂੰ ਚੁਣੌਤੀ ਦਿੰਦਾ ਹੈ ਜੋ ਅਕਸਰ ਬਾਹਰੀ ਧਾਰਮਿਕ ਵਿਖਾਵੇ ਨੂੰ ਮਹੱਤਵ ਦਿੰਦਾ ਹੈ? ਅਤੇ ਰੂਹਾਨੀ ਅਭਿਆਸ ਲਈ ਇਸਦਾ ਕੀ ਅਰਥ ਹੋ ਸਕਦਾ ਹੈ?

੫. ਗੁਰੂ ਨਾਨਕ ਹੋਂਦ ਦੇ ਪ੍ਰਗਟ ਪਸਾਰੇ ਨਾਲ ਸੰਬੰਧਿਤ ਵੱਖ-ਵੱਖ ਬ੍ਰਹਿਮੰਡਾਂ ਪ੍ਰਤੀ ਬਣੇ ਵੱਖ-ਵੱਖ ਵਿਸ਼ਵਾਸਾਂ ਦੇ ਵਿਚਕਾਰ ਆਦਰ ਰੱਖਦਿਆਂ ਇਕਤਾ ਦੇ ਸਿਧਾਂਤ ਨੂੰ ਕਿਵੇਂ ਪੇਸ਼ ਕਰਦੇ ਹਨ?
ਬਗ਼ਦਾਦ ਵਿਚ, ਗੁਰੂ ਨਾਨਕ ਨੇ ਸਰਬਵਿਆਪਕਤਾ ਦੇ ਸਿਧਾਂਤ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ, ਇਕ ਅਜਿਹੀ ਧਾਰਨਾ ਜੋ ਧਾਰਮਿਕ ਹੱਦਾਂ ਨੂੰ ਤੋੜਦੀ ਹੈ। ਉਨ੍ਹਾਂ ਨੇ ਵੱਖ-ਵੱਖ ਪਰੰਪਰਾਵਾਂ ਦੇ ਬ੍ਰਹਿਮੰਡੀ ਦ੍ਰਿਸ਼ਟੀਕੋਣਾਂ ਨੂੰ ਕੁਸ਼ਲਤਾ ਨਾਲ ਪ੍ਰਗਟ ਕੀਤਾ। ਵੇਦ ਅਣਗਿਣਤ ਲੋਕਾਂ ਦਾ ਵਰਣਨ ਕਰਦੇ ਹਨ ਜੋ ਸਾਡੀ ਸਮਝ ਤੋਂ ਪਰੇ ਹਨ, ਜਦਕਿ ਪੱਛਮੀ ਧਰਮ ਗ੍ਰੰਥ (ਕਿਤਾਬਾਂ) ਸਟੀਕ ਤੌਰ 'ਤੇ ਅੱਠਾਰਾਂ ਹਜ਼ਾਰ ਲੋਕਾਂ ਦਾ ਉਲੇਖ ਕਰਦੇ ਹਨ। ਇਨ੍ਹਾਂ ਵੱਖ-ਵੱਖ ਦ੍ਰਿਸ਼ਟੀਕੋਣਾਂ ਦੇ ਬਾਵਜੂਦ, ਗੁਰੂ ਨਾਨਕ ਇਕ ਮਹੱਤਵਪੂਰਨ ਸਚ ਨੂੰ ਉਜਾਗਰ ਕਰਦੇ ਹਨ ਕਿ ਹਕੀਕਤ ਦਾ ਸਾਰ ਇਕ ਹੀ ਹੈ ਅਤੇ ਬਾਕੀ ਸਭ ਕੁਝ ਉਸ ਇਕਤਾ ਦੀ ਪ੍ਰਤੀਕ ਹੈ। ਗੁਰੂ ਨਾਨਕ ਦੇ ਦਰਸ਼ਨ

ਵਿਚ ਦਰਸਾਈ ਗਈ ਸਰਬਵਿਆਪਕ ਸਤਾ ਦੀ ਸੂਝ ਤੋਂ ਆਤਮ-ਗਿਆਨ ਦਾ ਕੀ ਸੰਬੰਧ ਹੈ? ਅਤੇ ਇਹ ਸੰਬੰਧ ਵੱਖ-ਵੱਖ ਪਰੰਪਰਾਵਾਂ ਵਿਚ ਦਾਰਸ਼ਨਿਕ ਅਤੇ ਧਾਰਮਿਕ ਖੋਜ ਦੇ ਉਦੇਸ਼ ਬਾਰੇ ਕੀ ਦਰਸਾਉਂਦਾ ਹੈ?

੬. ਆਪਣੇ ਗੂੜ੍ਹ ਰੂਹਾਨੀ ਦਰਸ਼ਨ ਰਾਹੀਂ ਗੁਰੂ ਨਾਨਕ ਅਸਤਿਤਵ ਦੀ ਨਾਸ਼ਵਾਨਤਾ ਨੂੰ ਕਿਵੇਂ ਉਜਾਗਰ ਕਰਦੇ ਹਨ?
ਗੁਰੂ ਨਾਨਕ ਭੌਤਿਕ ਹੋਂਦ ਦੀ ਨਾਸ਼ਵਾਨਤਾ 'ਤੇ ਜ਼ੋਰ ਦਿੰਦੇ ਹਨ। ਵਾਦੀ ਉਸ-ਸਲਾਮ ਕਬਰਿਸਤਾਨ ਵਿਚ ਵਕਤਾ ਵਿਚਾਰ ਕਰਦਾ ਹੈ ਕਿ ਮਨੁੱਖ ਮੌਤ ਤੋਂ ਬਾਅਦ ਜੰਨਤ ਵਿਚ ਥਾਂ ਲੈਣ ਦੀ ਚਿੰਤਾ ਕਰਦੇ ਹਨ, ਪਰ ਅਰਥਪੂਰਨ ਜੀਵਨ ਜੀਉਣ ਦੇ ਮਹੱਤਵ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ। ਚਾਹੇ ਕਿਸੇ ਦਾ ਸਸਕਾਰ ਹੋਵੇ ਜਾਂ ਦਫਨ ਕੀਤਾ ਜਾਵੇ, ਸਰੀਰ ਅੰਤ ਵਿੱਚ ਮਿੱਟੀ ਬਣ ਜਾਂਦਾ ਹੈ। ਗੁਰੂ ਨਾਨਕ ਆਪਣੇ ਸਬਦਾਂ ਵਿਚ ਪ੍ਰਗਟ ਕਰਦੇ ਹਨ ਕਿ ਬੋਲਣਾ, ਦੇਖਣਾ, ਕਹਿਣਾ, ਸੁਣਨਾ, ਜੀਉਣਾ ਅਤੇ ਮਰਣਾ - ਇਹ ਸਭ ਛਿੰਨ ਭੰਗਰਤਾ ਵਾਲੇ ਅਨੁਭਵ ਹਨ। ਹੋਂਦ ਦੀ ਨਾਸ਼ਵੰਨਤਾ ਦੀ ਇਹ ਸੂਝ ਗੁਰੂ ਨਾਨਕ ਦੇ ਰੂਹਾਨੀ ਦ੍ਰਿਸ਼ਟੀਕੋਣ ਨੂੰ ਕਿਵੇਂ ਆਕਾਰ ਦਿੰਦੀ ਹੈ? ਅਤੇ ਇਹ ਪਰੰਪਰਾਗਤ ਧਾਰਮਿਕ ਵਿਸ਼ਵਾਸਾਂ ਦੀ ਤੁਲਨਾ ਵਿਚ ਜੀਵਨ ਦੇ ਉਦੇਸ਼ ਨੂੰ ਸਮਝਣ ਲਈ ਕਿਹੜਾ ਵੱਖਰਾ ਦ੍ਰਿਸ਼ਟੀਕੋਣ ਪੇਸ਼ ਕਰਦੀ ਹੈ?

੭. ਗੁਰੂ ਨਾਨਕ ਵੱਲੋਂ ਆਪਣੀ ਬਾਣੀ ਵਿਚ ਵਰਤੀਆਂ ਗਈਆਂ ਵੱਖ-ਵੱਖ ਭਾਸ਼ਾਵਾਂ ਉਨ੍ਹਾਂ ਦੇ ਵਿਸ਼ਵਵਿਆਪੀ ਰੂਹਾਨੀ ਦ੍ਰਿਸ਼ਟੀਕੋਣ ਨੂੰ ਕਿਵੇਂ ਦਰਸਾਉਂਦੀ ਹੈ?
ਇਹ ਐਪੀਸੋਡ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਉਂਦਾ ਹੈ ਕਿ ਕਿਵੇਂ ਗੁਰੂ ਨਾਨਕ ਨੇ ਸਥਾਨਕ ਭਾਈਚਾਰਿਆਂ ਨਾਲ ਜੁੜਨ ਲਈ ਵੱਖ-ਵੱਖ ਖੇਤਰਾਂ ਦੀਆਂ ਸਥਾਨਕ ਉਪਭਾਸ਼ਾਵਾਂ ਨੂੰ ਨਿਪੁੰਨਤਾ ਨਾਲ ਅਪਣਾਇਆ। ਉਨ੍ਹਾਂ ਨੇ ਕਈ ਭਾਸ਼ਾਵਾਂ ਵਿਚ ਆਪਣੀ ਬਾਣੀ ਦੀ ਰਚਨਾ ਕਰਕੇ ਅਸਾਧਾਰਨ ਭਾਸ਼ਾਈ ਸਮਾਵੇਸ਼ਤਾ ਦੀ ਉਦਾਹਰਣ ਦਿੱਤੀ। ਵਿਭਿੰਨ ਭਾਸ਼ਾਵਾਂ ਨੂੰ ਅਪਣਾਉਣ ਨਾਲ ਗੁਰੂ ਨਾਨਕ ਸੱਭਿਆਚਾਰਕ ਅਤੇ ਧਾਰਮਿਕ ਵੰਡਾਂ ਨੂੰ ਪਾਰ ਕਰਨ ਲਈ ਦਾਰਸ਼ਨਿਕ ਵਚਨਬੱਧਤਾ ਕਿਵੇਂ ਦਰਸਾਉਂਦੇ ਹਨ? ਜ਼ਮੀਨੀ ਪੱਧਰ 'ਤੇ ਅਧਿਆਤਮਿਕ ਗਿਆਨ ਨੂੰ ਪ੍ਰਗਟ ਕਰਨ ਲਈ ਇਕ ਪ੍ਰਭਾਵਸ਼ਾਲੀ ਮਾਧਿਅਮ ਦੀ ਵਰਤੋਂ ਕਰਨ ਵਾਲੇ ਉਨ੍ਹਾਂ ਦੇ ਇਸ ਦ੍ਰਿਸ਼ਟੀਕੋਣ ਬਾਰੇ ਕੀ ਸੰਕੇਤ ਮਿਲਦਾ ਹੈ?

'ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ', ੨੪ ਕੜੀਆਂ ਦੀ ਗੁਰੂ ਨਾਨਕ ਦਸਤਾਵੇਜ਼ੀ

TheGuruNanak.com ਤੇ ੫ ਭਾਸ਼ਾਵਾਂ ਵਿੱਚ ਉਪਲਬਧ ਹੈ।

ਈਮੇਲ: onenessindiversityfoundation@gmail.com